# ਖਸਰਾ ਨੰਬਰ 529/2 (3-15), 530/2 (5-15), 531/1(0-10), ਸਬ-ਤਹਿਸੀਲ-ਘਨੌਰ, ਤਹਿਸੀਲ-ਰਾਜਪੁਰਾ, ਪਿੰਡ-ਹਸਨਪੁਰ, ਜਿਲ੍ਹਾ-ਪਟਿਆਲਾ, ਪੰਜਾਬ

ਵਿਖੇ

# ਪ੍ਰਸਤਾਵਿਤ ਕੀਟਨਾਸ਼ਕ ਦਾ ਨਿਰਮਾਣ ਕਰਨ ਦੇ ਪ੍ਰਾਜੈਕਟ

ਲਈ

# ਕਾਰਜ਼ਕਾਰੀ ਸਾਰਾਂਸ਼

| | |
|---|---|
| *ਪ੍ਰੋਜੈਕਟ ਦੀ ਕਿਸਮ* | ਗਰੀਨਫੀਲਡ ਪ੍ਰੋਜੈਕਟ |
| *ਪਲਾਟ ਦਾ ਕੁੱਲ ਰਕਬਾ* | 8417.46 ਮੀਟਰ$^2$ |
| *ਪ੍ਰੋਜੈਕਟ ਦੀ ਲਾਗਤ* | ਰੁਪਏ 8.95 ਕਰੋੜ |
| *ਈਆਈਏ ਦੇ ਨੋਟੀਫ਼ਿਕੇਸ਼ਨ 2006 ਅਤੇ ਇਸ ਦੀਆਂ ਸੋਧਾਂ ਅਨੁਸਾਰ ਸ਼ਰੇਣੀ:* | 5 (ਬੀ), ਸ਼ਰੇਣੀ-ਏ (ਕੀਟਨਾਸ਼ਕ ਉਦਯੋਗ ਅਤੇ ਕੀਟਨਾਸ਼ਕ ਨਾਲ ਸੰਬੰਧਿਤ ਇੰਟਰਮੀਡੀਏਟ (ਫਾਰਮੂਲੇਸ਼ਨਾਂ ਤੋਂ ਇਲਾਵਾ) |
| *ਉਤਪਾਦਨ ਦੀ ਪ੍ਰਸਤਾਵਿਤ ਸਮਰੱਥਾ* | ਕੀਟਨਾਸ਼ਕ - 1100 ਐਮ.ਟੀ/ਸਾਲਾਨਾ<br>ਉੱਲੀਨਾਸ਼ਕ - 300 ਐਮ.ਟੀ/ਸਾਲਾਨਾ<br>ਨਦੀਨਨਾਸ਼ਕ - 800 ਐਮ.ਟੀ/ਸਾਲਾਨਾ<br>ਕੀਟਨਾਸ਼ਕ ਨਾਲ ਸੰਬੰਧਿਤ ਵਿਸ਼ੇਸ਼ ਇੰਟਰਮੀਡੀਏਟ - 1000 ਐਮ.ਟੀ/ਸਾਲਾਨਾ<br>ਖੋਜ ਅਤੇ ਵਿਕਾਸ ਆਧਾਰਿਤ ਉਤਪਾਦ - 300 ਐਮ.ਟੀ/ਸਾਲਾਨਾ<br>**ਕੁੱਲ ਉਤਪਾਦਨ ਸਮਰੱਥਾ - 3500 ਐਮ.ਟੀ/ਸਾਲਾਨਾ (ਫਾਰਮੂਲੇਸ਼ਨਾਂ ਤੋਂ ਇਲਾਵਾ)**<br>ਕੀਟਨਾਸ਼ਕਾਂ ਦੇ ਫਾਰਮੂਲੇਸ਼ਨ - 5000 ਐਮ.ਟੀ/ਸਾਲਾਨਾ |
| *ਟੀਓਆਰ ਦੇ ਵੇਰਵੇ* | ਟੀਓਆਰ ਪੱਤਰ ਨੰਬਰ IA-J-11011/239/2021-IA-II(I) |
| *ਨਿਗਰਾਨੀ ਕਰਨ ਦਾ ਸੀਜ਼ਨ* | ਦਸੰਬਰ 2020 - ਫਰਵਰੀ 2021 |
| *ਐਨਏਬੀਟੀ ਦਾ ਖਾਤਾ ਨੰਬਰ:* | NABET/EIA/1922/RA0197 23.11.2022 ਤੱਕ ਵੈਧ |

## ਪ੍ਰੋਜੈਕਟ ਦਾ ਪ੍ਰਸਤਾਵਿਕ


***ਮੈਸਰਜ਼ ਸੇਫ ਐਗਰੋਕੈਮੀਕਲਜ਼ ਐਲਐਲਪੀ***

505, ਨੰਦਾ ਟਾਵਰ, ਕੌਸ਼ੰਬੀ, ਗਾਜ਼ੀਆਬਾਦ, ਉੱਤਰ ਪ੍ਰਦੇਸ਼-201010

ਈਮੇਲ: sales@singlaengravures.com; ਫੋਨ ਨੰਬਰ: +919810016946


| | |
|---|---|
| **ਯੂਆਈਡੀ ਨੰਬਰ:** EQMS/EIA/SACLLP/5(b)A/PR640/15052021 | |
| **ਰਿਪੋਰਟ ਜਾਰੀ ਕਰਨ ਦੀ ਮਿਤੀ:** 15/05/2021 | **ਸੋਧ ਨੰਬਰ:** 00 |

**ਜਲਵਾਯੂ ਦਾ ਸਲਾਹਕਾਰ:**


(ਮਨਜ਼ੂਰਸ਼ੁਦਾ ਸਲਾਹਕਾਰ)

**ਈਕਿਊਐਮਐਸ ਇੰਡੀਆ ਪ੍ਰਾਈਵੇਟ ਲਿਮਟਿਡ**

ਕਿਊਸੀਆਈ/ਐਨਏਬੀਈਟੀ ਪ੍ਰਮਾਣਿਤ ਸਲਾਹਕਾਰ

304-305, ਤੀਜੀ ਮੰਜਲ, ਪਲਾਟ ਨੰਬਰ 16, ਰਿਸ਼ਭ ਕਾਰਪੋਰੇਟ ਟਾਵਰ,

ਕਮਿਉਨਿਟੀ ਸੈਂਟਰ, ਕਰਕਰਡੂਮਾ, ਦਿੱਲੀ - 110092

ਫੋਨ: 011-42270087, 43062757;

ਵੈਬਸਾਈਟ: www.eqmsindial.com; ਈਮੇਲ: eqms@eqmsindia.org

# ਕਾਰਜ਼ਕਾਰੀ ਸਾਰਾਂਸ਼

**ਭੂਮਿਕਾ**

ਮੈਸਰਜ਼ ਸੇਫ ਐਗਰੋਕੈਮੀਕਲਜ਼ ਐਲਐਲਪੀ ਰਸਾਇਣਾਂ ਅਤੇ ਰਸਾਇਣਕ ਉਤਪਾਦਾਂ ਦੇ ਨਿਰਮਾਣ ਵਿੱਚ ਕੰਮ ਕਰਦੇ ਹਨ। ਇਸ ਸੰਗਠਨ ਨੇ ਖਸਰਾ ਨੰਬਰ 529/2 (3-15), 530/2 (5-15), 531/1(0-10), ਸਬ-ਤਹਿਸੀਲ-ਘਨੌਰ, ਤਹਿਸੀਲ-ਰਾਜਪੁਰਾ, ਪਿੰਡ-ਹਸਨਪੁਰ, ਜਿਲ੍ਹਾ-ਪਟਿਆਲਾ ਵਿਖੇ 'ਕੀਟਨਾਸ਼ਕ ਨਿਰਮਾਣ ਪ੍ਰੋਜੈਕਟ' ਸਥਾਪਿਤ ਕਰਨ ਲਈ ਪ੍ਰਸਤਾਵ ਰੱਖਿਆ ਹੈ। ਇਸ ਪ੍ਰੋਜੈਕਟ ਨੂੰ ਕੀਟ ਨਾਸ਼ਕਾਂ, ਨਦੀਨ ਨਾਸ਼ਕਾਂ, ਉੱਲੀ ਨਾਸ਼ਕਾਂ, ਐਡਵਾਂਸਡ ਕੀਟਨਾਸ਼ਕ ਸੰਬੰਧਿਤ ਇੰਟਰਮੀਡੀਏਟ ਅਤੇ ਖੋਜ ਅਤੇ ਵਿਕਾਸ-ਆਧਾਰਿਤ ਉਤਪਾਦਾਂ ਦੇ ਉਤਪਾਦਨਾਂ ਵਿੱਚ ਸ਼ਾਮਲ ਕੀਤਾ ਜਾਏਗਾ। ਪਲਾਂਟ ਦੀ ਕੁੱਲ ਸਮਰੱਥਾ **3500 ਐਮਟੀ/ ਸਾਲਾਨਾ (ਫਾਰਮੂਲੇਸ਼ਨ ਤੋਂ ਇਲਾਵਾ)** ਹੋਵੇਗੀ। ਇਹ ਪਲਾਂਟ **5000 ਐਮਟੀ/ਸਾਲਾਨਾ ਦੀ ਕੁੱਲ ਸਮਰੱਥਾ ਵਾਲੀ ਫਾਰਮੂਲੇਸ਼ਨ ਯੂਨਿਟ** ਦੀ ਪੇਸ਼ਕਸ਼ ਵੀ ਕਰਦਾ ਹੈ।

ਪ੍ਰਸਤਾਵਿਤ ਉਤਪਾਦਾਂ ਦੇ ਵੇਰਵੇ ਹੇਠਾਂ **ਟੇਬਲ** 1.1 ਵਿੱਚ ਦਰਸਾਏ ਗਏ ਹਨ।

**ਟੇਬਲ 1.1 : ਪ੍ਰਸਤਾਵਿਤ ਉਤਪਾਦਨ ਸਮਰੱਥਾ ਦੇ ਵੇਰਵੇ**

| ਕ੍ਰਮ ਅੰਕ | ਉਤਪਾਦ ਦਾ ਨਾਮ | ਪ੍ਰਸਤਾਵਿਤ ਸਮਰੱਥਾ (ਐਮਟੀ/ਸਾਲਾਨਾ) | ਸੀਏਐਸ ਨੰਬਰ |
|---|---|---|---|
| **ਕੀਟਨਾਸ਼ਕ ਗਰੁੱਪ** | | | |
| 1 | ਸਾਇਹੈਲੋਥਰਿਨ | 1100 | 91465-08-6 |
| 2 | ਬਾਇਫੈਨਥਰਿਨ | | 82657-04-3 |
| 3 | ਪ੍ਰੋਫੈਨੋਫੌਸ | | 41198-08-7 |
| 4 | ਥਿਆਮੇਥੋਕਸਮ | | 153719-23-4 |
| 5 | ਇਮਿਡਾਕਲੋਪ੍ਰਿਡ | | 138261-41-3 |
| 6 | ਡਾਇਫੈਂਥੀਯੂਰੋਨ | | 80060-09-9 |
| 7 | ਕਲੋਰਪਾਇਰੀਫੌਸ | | 2921-88-2 |
| 8 | ਡਿਨੋਟੈਫੂਰੋਨ | | 165252-70-0 |
| 9 | ਪਾਇਮੇਟਰੋਜ਼ਾਇਨ | | 123312-89-0 |
| 10 | ਪਾਇਪ੍ਰੋਕਸੀਫੈਨ | | 95737-68-1 |
| 11 | ਐਸੀਟੈਮੀਪਰਿਡ | | 135410-20-7 |
| 12 | ਕਲੋਰੈਂਟਰਾਨਿਲਿਪ੍ਰੋਲ | | 500008-45-7 |
| 13 | ਫਲੂਬੈਂਡੀਆਮਾਇਡ | | 272451-65-7 |
| 14 | ਫਾਇਪ੍ਰੋਨਿਲ | | 120068-37-3 |
| **ਉੱਲੀਨਾਸ਼ਕ ਗਰੁੱਪ** | | | |
| 15 | ਪਾਇਰਾਕਲੋਸਟ੍ਰੋਬਿਨ | 300 | 175013-18-0 |
| 16 | ਐਜ਼ੋਕਸੀਸਟਰੋਬਿਨ | | 131860-33-8 |
| 17 | ਟੈਬੂਕੋਨਾਜ਼ੋਲ | | 107534-96-3 |
| 18 | ਡਿਫੈਨੋਕੋਨੋਜ਼ੋਲ | | 119446-68-3 |
| 19 | ਮੈਟਾਲੈਕਸਿਲ | | 57837-19-1 |
| **ਨਦੀਨਨਾਸ਼ਕ ਗਰੁੱਪ** | | | |
| 20 | ਪੈਨੋਕਸਸੁਲੈਮ | 800 | 219714-96-2 |
| 21 | ਗਲਾਈਫੋਸੇਟ | | 1071-83-6 |
| 22 | ਪ੍ਰੇਟੀਲੈਕਲੋਰ | | 51218-49-6 |
| 23 | ਕਲੋਡੀਨੋਫੋਪ ਪ੍ਰੋਪੈਰਜਿਲ | | 105512-06-9 |
| 24 | ਕਿਉਜ਼ੋਲੋਫੋਪ ਐਥਾਇਲ | | 1071-83-6 |
| 25 | ਮੈਟਰੀਬੁਜ਼ਾਇਨ | | 21087-64-9 |
| 26 | ਕਲੋਕੁਇੰਟੋਸੈਟ ਮੈਕਸਿਲ | | 99607-70-2 |

| ਕ੍ਰਮ ਅੰਕ | ਉਤਪਾਦ ਦਾ ਨਾਮ | ਪਸਤਾਵਿਤ ਸਮਰੱਥਾ (ਐਮਟੀ/ਸਾਲਾਨਾ) | ਸੀਏਐਸ ਨੰਬਰ |
|---|---|---|---|
| **ਐਡਵਾਂਸਡ ਕੀਟਨਾਸ਼ਕ ਸੰਬੰਧਿਤ ਇੰਟਰਮੀਡੀਏਟ** | | | |
| 27 | 1,2,4 ਟ੍ਰਾਇਆਜ਼ੋਲ | **1000** | 288-88-0 |
| 28 | 2- ਕਲੋਰੋ 5- ਕਲੋਰੋਮਿਥਾਇਲ ਥਿਆਜ਼ੋਲ (ਸੀਸੀਐਮਟੀ) | | 105827-91-6 |
| 29 | ਟ੍ਰਾਇਐਜੀਨੋਨ | | 33509-43-2 |
| 30 | ਮੈਟਾ ਫਿਨੋਕਸੀ ਬੈਨਜ਼ੈਲਡੇਹਾਈਡ (ਐਮਪੀਬੀਡੀ) | | 39515-51-0 |
| 31 | ਫਾਸਫੋਨੋਮਿਥਾਇਲ ਇਮਿਨੋਡਾਇਐਸਟਿਕ ਐਸਿਡ (ਪੀਐਮਆਈਡੀਏ) | | 5994-61-6 |
| 32 | 2,2-ਡਾਇਮਿਥਾਇਲਸਾਇਕਲੋਪ੍ਰੋਪੇਨਕਾਰਬੋਕਸੀਲਿਕ ਐਸਿਡ (ਲੈਂਬਡਾ ਸਾਇਹੈਲੋਥਰਿਕ ਐਸਿਡ) | | 68127-59-3 |
| | ਖੋਜ ਅਤੇ ਵਿਕਾਸ-ਆਧਾਰਿਤ ਉਤਪਾਦ | **300** | |
| | **ਕੁੱਲ ਜੋੜ** | **3500** | |
| | ਨਦੀਨਨਾਸ਼ਕ ਫਾਰਮੂਲੇਸ਼ਨ | **5000** | |

**** ਕਾਨੂੰਨੀ ਬੰਦਸ਼ ਵਾਲੇ ਕਿਸੇ ਵੀ ਕੀਟਨਾਸ਼ਕ ਦਾ ਨਿਰਮਾਣ ਨਹੀਂ ਕੀਤਾ ਜਾਇਗਾ***

**** ਰੁੱਤ ਦੇ ਅਨੁਸਾਰ, ਉਤਪਾਦਾਂ ਦੀ ਮੰਗ ਦੇ ਪੈਟਰਨ ਬਦਲਦੇ ਹਨ ਅਤੇ ਇਸ ਅਨੁਸਾਰ ਉਤਪਾਦਾਂ ਦਾ ਨਿਰਮਾਣ ਕੀਤਾ ਜਾਏਗਾ। ਇੱਕੋ ਸਮੇਂ 'ਤੇ ਸਾਰੇ ਉਤਪਾਦਾਂ ਦਾ ਨਿਰਮਾਣ ਨਹੀਂ ਕੀਤਾ ਜਾਏਗਾ। ਉਤਪਾਦਾਂ ਦੇ ਉਤਪਾਦਨ ਦੀਆਂ ਸੰਭਾਵਿਤ ਸਮਰਥਾਵਾਂ ਮੰਗ 'ਤੇ ਨਿਰਭਰ ਕਰਨਗੀਆਂ ਪਰ ਮਨਜੂਰਸ਼ੁਦਾ ਸਮਰਥਾ ਤੱਕ ਸੀਮਿਤ ਹੋਣਗੀਆਂ।***

**ਹਵਾਲੇ ਦੀਆਂ ਸ਼ਰਤਾਂ**

ਪ੍ਰੋਜੈਕਟ ਦੇ ਉਦੇਸ਼ ਲਈ ਅਰਜੀ ਨੂੰ ਐਕਸਪਰਟ ਅਪਰੇਜਲ ਕਮੇਟੀ (ਈਏਸੀ) ਇੰਡਸਟਰੀ 3,ਐਮਓਈਐਫਐਂਡਸੀਸੀ, ਨਵੀਂ ਦਿੱਲੀ ਕੋਲ ਸਪੁਰਦ ਕੀਤਾ ਗਿਆ ਸੀ ਅਤੇ 15 ਜੂਨ 2021 ਨੂੰ **F.No. IA-J-11011/239/2021-IA-II(I)** ਅਨੁਸਾਰ ਪ੍ਰੋਜੈਕਟ ਲਈ ਮਿਆਰੀ ਟੀਓਆਰ ਮਨਜੂਰ ਕੀਤਾ ਗਿਆ ਸੀ।

**ਪ੍ਰੋਜੈਕਟ ਦਾ ਵਰਗੀਕਰਨ**

ਭਾਰਤ ਸਰਕਾਰ (ਮਿਨਿਸਟ੍ਰੀ ਆਫ਼ ਐਨਵਰਨਮੈਂਟ, ਫਾਰੈਸਟ ਐਂਡ ਕਲਾਈਮੇਟ ਚੇਂਜ (ਐਮਓਈਐਫਐਂਡਸੀਸੀ),) ਦੇ ਈਆਈਏ ਨੋਟੀਫਿਕੇਸ਼ਨ 2006 ਅਤੇ ਅਗਲੀਆਂ ਸੋਧਾਂ ਦੇ ਅਨੁਸਾਰ, ਪ੍ਰਸਤਾਵਿਤ ਪ੍ਰੋਜੈਕਟ ਵਿੱਚ ''ਕੀਟਨਾਸ਼ਕ ਅਤੇ ਕੀਟਨਾਸ਼ਕ ਨਾਲ ਸੰਬੰਧਿਤ ਇੰਟਰਮੀਡੀਏਟ'' ਸ਼ਾਮਲ ਹਨ ਅਤੇ ਇਸ ਪ੍ਰਕਾਰ ਇਹ **ਗਤੀਵਿਧੀ 5(ਬੀ); ਸ਼ਰੇਣੀ ''ਏ''** ਤਹਿਤ ਆਉਂਦਾ ਹੈ। ਇਸ ਲਈ, ਇਸ ਪ੍ਰੋਜੈਕਟ ਨੂੰ ਐਮਓਈਐਫਐਂਡਸੀਸੀ, ਨਵੀਂ ਦਿੱਲੀ ਵਲੋਂ ਵਾਤਾਵਰਣ ਕਲੀਰੈਂਸ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਨਾਲ, ਪ੍ਰਸਤਾਵਿਤ ਪ੍ਰੋਜੈਕਟ ਅੰਤਰ-ਰਾਜ ਸੀਮਾ ਦੇ 5 ਕਿਲੋਮੀਟਰ ਅੰਦਰ ਆਉਂਦਾ ਹੈ, ਭਾਵ ਕਿ **ਹਰਿਆਣਾ (4.6 ਕਿਲੋਮੀਟਰ, ਪੂਰਬ)**।

**ਪ੍ਰੋਜੈਕਟ ਦਾ ਸਥਾਨ**

ਪ੍ਰਸਤਾਵਿਤ ਪ੍ਰੋਜੈਕਟ ਖਸਰਾ ਨੰਬਰ 529/2 (3-15), 530/2 (5-15), 531/1(0-10), ਸਬ-ਤਹਿਸੀਲ-ਘਨੌਰ, ਤਹਿਸੀਲ-ਰਾਜਪੁਰਾ, ਪਿੰਡ-ਹਸਨਪੁਰ, ਜਿਲ੍ਹਾ-ਪਟਿਆਲਾ, ਪੰਜਾਬ ਵਿੱਚ ਹੋਵੇਗਾ। ਕੀਟਨਾਸ਼ਕ ਨਿਰਮਾਣ ਯੂਨਿਟ ਦੀ ਸਥਾਪਨਾ 8417.46 ਮੀ² ਦੇ ਕੁੱਲ ਰਕਬੇ 'ਤੇ ਕੀਤੀ ਜਾਏਗੀ। ਸਾਇਟ ਦੇ ਸੈਂਟਰ ਦੇ ਕੋਆਰਡੀਨੇਟ ਇਸ ਪ੍ਰਕਾਰ ਹਨ **ਲੈਟੀਚਿਊਡ: 30°23'58.69"N ਅਤੇ ਲਾਂਗੀਚਿਊਡ: 76°39'14.04"E.**

**ਪ੍ਰੋਜੈਕਟ ਦਾ ਵਿਵਰਣ**

ਇਹ ਪ੍ਰੋਜੈਕਟ ਕੀਟ ਨਾਸ਼ਕਾਂ, ਨਦੀਨ ਨਾਸ਼ਕਾਂ, ਉੱਲੀ ਨਾਸ਼ਕਾਂ, ਐਡਵਾਂਸਡ ਕੀਟਨਾਸ਼ਕ ਸੰਬੰਧਿਤ ਇੰਟਰਮੀਡੀਏਟ ਅਤੇ ਖੋਜ ਅਤੇ ਵਿਕਾਸ-ਆਧਾਰਿਤ ਉਤਪਾਦਾਂ ਦੇ ਉਤਪਾਦਨ ਵਿੱਚ ਸ਼ਾਮਲ ਹੋਵੇਗਾ। ਪਲਾਂਟ ਦੀ ਕੁੱਲ ਸਮਰੱਥਾ **3500 ਐਮਟੀ/ ਸਾਲਾਨਾ (ਫਾਰਮੂਲੇਸ਼ਨ ਤੋਂ ਇਲਾਵਾ)** ਹੋਵੇਗੀ। ਇਹ ਪਲਾਂਟ **5000 ਐਮਟੀ/ਸਾਲਾਨਾ ਦੀ ਕੁੱਲ ਸਮਰੱਥਾ ਵਾਲੀ ਫਾਰਮੂਲੇਸ਼ਨ ਯੂਨਿਟ** ਦੀ ਪੇਸ਼ਕਸ਼ ਵੀ ਕਰਦਾ ਹੈ। ਹਾਲਾਂਕਿ, ਈਆਈਏ ਨੋਟੀਫਿਕੇਸ਼ਨ, 2006 ਅਤੇ ਅਗਲੀਆਂ ਸੋਧਾਂ ਅਨੁਸਾਰ ਫਾਰਮੂਲੇਸ਼ਨ ਯੂਨਿਟਾਂ ਲਈ ਵਾਤਾਵਰਨਕ ਕਲੀਰੈਂਸ ਤੋਂ ਛੋਟ ਦਿੱਤੀ ਗਈ ਹੈ, ਪਲਾਂਟ ਲਈ ਫਾਰਮੂਲੇਸ਼ਨ ਸਮਰੱਥਾ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਵੱਖ-ਵੱਖ ਕੀਟਨਾਸ਼ਕਾਂ ਦੀ ਸਮਰੱਥਾ **ਟੇਬਲ 1.2** ਵਿੱਚ ਦਿੱਤੀ ਗਈ ਹੈ।

**ਟੇਬਲ 1.1: ਮੈਨੂਫੈਕਚਰਿੰਗ ਪਲਾਂਟ ਦੀ ਸਮਰੱਥਾ**

| ਕ੍ਰਮ ਅੰਕ | ਕਿਸਮ | ਮਾਤਰਾ (ਐਮਟੀ/ਸਾਲਾਨਾ) |
|---|---|---|
| 1. | ਕੀਟਨਾਸ਼ਕ | 1100 |
| 2. | ਉੱਲੀਨਾਸ਼ਕ | 300 |

| | | |
|---|---|---|
| 3. | ਨਦੀਨਨਾਸ਼ਕ | 800 |
| 4. | ਕੀਟਨਾਸ਼ਕ ਨਾਲ ਸੰਬੰਧਿਤ ਐਡਵਾਂਸਡ ਇੰਟਰਰਮੀਡੀਏਟ | 1000 |
| 5. | ਆਰਐਂਡਡੀ ਉਤਪਾਦ | 300 |
| | **ਕੁੱਲ ਜੋੜ** | **3500** |
| | ਪੈਸਟੀਸਾਈਡ ਫਾਰਮੂਲੇਸ਼ਨ | **5000** |

ਪ੍ਰੋਜੈਕਟ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹੇਠਾਂ **ਟੇਬਲ** 1.3 ਵਿੱਚ ਦਿੱਤੀਆਂ ਗਈਆਂ ਹਨ।

**ਟੇਬਲ 1.3: ਪ੍ਰਸਤਾਵਿਤ ਪ੍ਰੋਜੈਕਟ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ**

<table>
<tr><th>ਕ੍ਰਮ ਅੰਕ</th><th>ਵਿਵਰਣ</th><th colspan="4">ਵੇਰਵੇ</th></tr>
<tr><td>1.</td><td>ਪ੍ਰਸਤਾਵਿਕ ਦਾ ਨਾਮ</td><td colspan="4">ਮੈਸਰਜ਼ ਸੇਫ ਐਗਰੋਕੈਮੀਕਲਜ਼ ਐਲਐਲਪੀ</td></tr>
<tr><td>2.</td><td>ਪ੍ਰੋਜੈਕਟ ਦੀ ਸਥਿਤੀ</td><td colspan="4">ਨਵਾਂ (ਗਰੀਨ ਫੀਲਡ)</td></tr>
<tr><td>3.</td><td>ਮੈਨੂਫੈਕਚਰ ਕੀਤੇ ਜਾਣ ਵਾਲੇ ਉਤਪਾਦ ਅਤੇ ਸਮਰਥਾ</td><td colspan="4">ਉਤਪਾਦ – 3500 ਐਮਟੀ/ ਸਾਲਾਨਾ<br>ਕੀਟਨਾਸ਼ਕ ਫਾਰਮੂਲੇਸ਼ਨ-5000 ਐਮਟੀ/ਸਾਲਾਨਾ</td></tr>
<tr><td>4.</td><td>ਪਲਾਟ ਦਾ ਕੁੱਲ ਰਕਬਾ</td><td colspan="4">8417.46 ਮ$^2$</td></tr>
<tr><td>5.</td><td>ਗਰੀਨ ਬੈਲਟ ਵਾਲਾ ਰਕਬਾ/ ਰੁੱਖ ਲਗਾਉਣ ਲਈ ਰਕਬਾ</td><td colspan="4">2801.33 ਮ$^2$ (ਪਲਾਟ ਦੇ ਰਕਬੇ ਦਾ 33.28%)</td></tr>
<tr><td>6.</td><td>ਪਾਣੀ ਦੀ ਲੋੜ</td><td colspan="4">ਪਾਣੀ ਦੀ ਕੁੱਲ ਲੋੜ – 110 ਕੇਐਲਡੀ<br>ਤਾਜ਼ੇ ਪਾਣੀ ਦੀ ਪ੍ਰਸਤਾਵਿਤ ਲੋੜ – 75 ਕੇਐਲਡੀ<br>ਸਰੋਤ: ਜ਼ਮੀਨੀ ਪਾਣੀ</td></tr>
<tr><td>7.</td><td>ਗੰਦਾ ਪਾਣੀ</td><td colspan="4">38 ਕੇਐਲਡੀ<br>(ਘਰੇਲੂ ਸੀਵਰੇਜ- 3 ਕੇਐਲਡੀ,<br>ਇੰਡਸਟ੍ਰੀਅਲ ਪ੍ਰਵਾਹ- 35 ਕੇਐਲਡੀ)</td></tr>
<tr><td>8.</td><td>ਵੇਸਟਵਾਟਰ ਟਰੀਟਮੈਂਟ ਯੂਨਿਟ</td><td colspan="4">ਈਟੀਪੀ ਸਮਰਥਾ: 10 ਕੇਐਲਡੀ<br>ਐਮਈਈ ਸਮਰਥਾ: 50 ਕੇਐਲਡੀ<br>ਐਸਟੀਪੀ ਸਮਰਥਾ: 10 ਕੇਐਲਡੀ</td></tr>
<tr><td>9.</td><td>ਪਾਵਰ ਦੀ ਲੋੜ</td><td colspan="4">ਪ੍ਰਸਤਾਵਿਤ: 1000 ਕੇਵੀਏ<br>ਸਰੋਤ: ਪੰਜਾਬ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਬੀਪੀਸੀਐਲ)<br>ਪਾਵਰ ਬੈਕਅੱਪ- ਡੀਜੀ ਸੈਟ: 1x380 ਕੇਵੀਏ ਅਤੇ 1x500 ਕੇਵੀਏ</td></tr>
<tr><td>10.</td><td>ਮੈਨਪਾਵਰ ਦੀ ਲੋੜ</td><td colspan="4">ਉਸਾਰੀ ਦਾ ਪੜਾਅ: 50 ਸਥਾਨਕ ਮਜ਼ਦੂਰ<br>ਅਪਰੇਟਿੰਗ ਪੜਾਅ: 65 ਸਥਾਈ ਕਰਮਚਾਰੀ ਅਤੇ 50 ਅਸਥਾਈ ਕਰਮਚਾਰੀ</td></tr>
<tr><td>11.</td><td>ਵਾਤਾਵਰਣ ਨੂੰ ਕੰਟਰੋਲ ਕਰਨ ਵਾਲੇ ਉਪਕਰਣ ਸਮੇਤ ਪ੍ਰੋਜੈਕਟ ਦੀ ਲਾਗਤ</td><td colspan="4">ਰੁਪਏ 8.95 ਕਰੋੜ</td></tr>
<tr><td rowspan="3">12.</td><td rowspan="3">ਸਮਰਥਾਵਾਂ ਸਮੇਤ ਬੋਇਲਰਾਂ/ਟੀਐਫਐਚ/ਭੱਠੀਆਂ/ਡੀਜੀ ਸੈਟਾਂ ਆਦਿ ਦੀ ਸੰਖਿਆ</td><td>ਵਿਵਰਣ</td><td>ਸਮਰਥਾ</td><td>ਈਂਧਨ ਦੀ ਕਿਸਮ</td><td>ਮਾਤਰਾ</td></tr>
<tr><td>ਸਟੀਮ ਬਾਇਲਰ</td><td>2 ਟੀਪੀਐਚ, 3 ਟੀਪੀਐਚ</td><td>ਐਗਰੋ ਵੇਸਟ ਬ੍ਰਿਕੇਟ</td><td>250 ਐਮਟੀ/ਮਹੀਨਾ</td></tr>
<tr><td>ਡੀਜੀ ਸੈਟ</td><td>1x380 ਕੇਵੀਏ, 1x500 ਕੇਵੀਏ</td><td>ਕੇਵੀਏ</td><td>140 ਲੀਟਰ/ਘੰਟਾ</td></tr>
</table>

**ਵਾਤਾਵਰਣ ਦਾ ਵੇਰਵਾ**

*ਸਾਈਟ ਦੀਆਂ ਵਿਸ਼ੇਸ਼ਤਾਵਾਂ*

ਪ੍ਰਸਤਾਵਿਤ ਪ੍ਰੋਜੈਕਟ ਖਸਰਾ ਨੰਬਰ 529/2 (3-15), 530/2 (5-15), 531/1(0-10), ਸਬ-ਤਹਿਸੀਲ-ਘਨੌਰ, ਤਹਿਸੀਲ-ਰਾਜਪੁਰਾ, ਪਿੰਡ-ਹਸਨਪੁਰ, ਜਿਲ੍ਹਾ-ਪਟਿਆਲਾ, ਪੰਜਾਬ ਵਿੱਚ 8417.46 ਮ$^2$ ਦੇ ਕੁੱਲ ਰਕਬੇ 'ਤੇ ਸਥਿਤ ਹੋਵੇਗਾ। ਸਾਇਟ ਦੇ ਸੈਂਟਰ ਦੇ ਕੋਆਰਡੀਨੇਟ ਇਸ ਪ੍ਰਕਾਰ ਹਨ ਲੈਟੀਚਿਊਡ: 30°23'58.69"N ਅਤੇ ਲਾਂਗੀਚਿਊਡ: 76°39'14.04"E. ਇਹ ਸਾਈਟ ਅੰਬਾਲਾ ਸ਼ਹਿਰ ਤੋਂ ਲਗਭੱਗ 10 ਕਿਲੋਮੀਟਰ 'ਤੇ ਸਥਿਤ ਹੈ ਅਤੇ ਹਰਿਆਣੇ ਦੀ ਰਾਜ ਬਾਊਂਡਰੀ ਇਸ ਤੋਂ 4.60 ਕਿਲੋਮੀਟਰ ਦੀ ਦੂਰੀ 'ਤੇ ਦੱਖਣ ਪੂਰਬ ਵੱਲ ਹੈ। ਇਹ ਸਾਈਟ ਪ੍ਰੋਜੈਕਟ ਦੇ ਆਲੇ ਦੁਆਲੇ ਆਪਸ ਵਿੱਚ ਜੋੜਨ ਵਾਲੀਆਂ

ਸੜਕਾਂ ਰਾਹੀਂ ਨੈਸ਼ਨਲ ਹਾਈਵੇਅ-1 (4.97 ਕਿਲੋਮੀਟਰ, ਉੱਤਰਉੱਤਰਪੂਰਬ ਦਿਸ਼ਾ) ਨਾਲ ਚੰਗੀ ਤਰ੍ਹਾਂ ਜੁੜੀ ਹੋਈ ਹੈ। ਪ੍ਰੋਜੈਕਟ ਦੀ ਉੱਤਰ ਦਿਸ਼ਾ ਵਿੱਚ ਪ੍ਰੋਜੈਕਟ ਦੀ ਸਾਈਟ ਨਾਲ ਜੁੜੀ ਲੋਕਲ ਸੜਕ ਨੈਸ਼ਨਲ ਹਾਈਵੇਅ-1 ਨੂੰ ਜਾਂਦੀ 10 ਐਮ ਪਟਿਆਲਾ-ਘਨੌਰ-ਸ਼ੰਭੂ ਸੜਕ ਨਾਲ ਜੁੜੀ ਹੈ। ਨੇੜੇ ਦਾ ਰੇਲਵੇ ਸਟੇਸ਼ਨ ਅੰਬਾਲਾ ਸਿਟੀ ਰੇਲਵੇ ਸਟੇਸ਼ਨ ਹੈ ਜੋ ਕਿ ਪ੍ਰੋਜੈਕਟ ਦੀ ਸਾਈਟ ਤੋਂ ਪੂਰਬਦੱਖਣਪੂਰਬ ਦਿਸ਼ਾ ਵਿੱਚ 10.8 ਕਿਲੋਮੀਟਰ 'ਤੇ ਸਥਿਤ ਹੈ। ਪ੍ਰੋਜੈਕਟ ਦੀ ਸਾਈਟ ਤੋਂ ਨਜ਼ਦੀਕੀ ਏਅਰਪੋਰਟ ਅੰਬਾਲਾ ਏਅਰ ਫੋਰਸ ਸਟੇਸ਼ਨ ਪੂਰਬਦੱਖਣਪੂਰਬ ਦਿਸ਼ਾ ਵਿੱਚ 15 ਕਿਲੋਮੀਟਰ 'ਤੇ ਸਥਿਤ ਹੈ ਅਤੇ ਨਜ਼ਦੀਕੀ ਏਅਰਪੋਰਟ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ (32 ਕਿਲੋਮੀਟਰ, ਉੱਤਰਉੱਤਰਪੂਰਬ ਦਿਸ਼ਾ) ਹੈ। ਪ੍ਰੋਜੈਕਟ ਦੀ ਸਾਈਟ ਤੋਂ ਨਜ਼ਦੀਕੀ ਸ਼ਹਿਰ ਅੰਬਾਲਾ (10 ਕਿਲੋਮੀਟਰ ਪੂਰਬ) ਅਤੇ ਨਜ਼ਦੀਕੀ ਪਿੰਡ ਕਬੂਲਪੁਰ (0.83 ਕਿਲੋਮੀਟਰ, ਪੱਛਮ) ਹੈ।

ਘੱਗਰ ਨਦੀ ਪ੍ਰੋਜੈਕਟ ਦੀ ਸਾਈਟ ਤੋਂ 5.10 ਕਿਲੋਮੀਟਰ (ਦੱਖਣਪੂਰਬ) 'ਤੇ ਵੱਗ ਰਹੀ ਹੈ। ਪ੍ਰੋਜੈਕਟ ਦੀ ਸਾਈਟ ਦੇ ਆਲੇ ਦੁਆਲੇ 10 ਕਿਲੋਮੀਟਰ ਦੇ ਘੇਰੇ ਅੰਦਰ ਕੋਈ ਵੀ ਰਾਸ਼ਟਰੀ ਪਾਰਕ, ਰੱਖ, ਹਾਥੀ/ਚੀਤਾ ਰਿਜ਼ਰਵ (ਮੌਜੂਦ ਦੇ ਨਾਲ ਨਾਲ ਪ੍ਰਸਤਾਵਿਤ), ਪਰਵਾਸੀ ਰਸਤੇ/ ਜੰਗਲੀ ਜਾਨਵਰਾਂ ਲਈ ਕੋਰੀਡੋਰ ਨਹੀਂ ਹਨ। ਅਧਿਐਨ ਵਾਲੇ ਖੇਤਰ ਵਿੱਚ ਵਰਤਮਾਨ ਵਿੱਚ ਡਿਫੈਂਸ ਦੀਆਂ ਕੋਈ ਵੀ ਇੰਸਟਾਲੇਸ਼ਨਾਂ ਨਹੀਂ ਹਨ।

***ਭੂਗੋਲਿਕ ਵੇਰਵਾ ਅਤੇ ਮੌਸਮ ਵਿਗਿਆਨ***

ਪ੍ਰਸਤਾਵਿਤ ਸਾਈਟ ਦਾ ਭੂਗੋਲ ਸਮਤਲ ਧਰਾਤਲ ਹੈ ਅਤੇ ਸਮੁੰਦਰੀ ਤਲ ਤੋਂ ਉੱਪਰ ਸਾਈਟ ਦੀ ਉਚਾਈ 265 ਤੋਂ 266 ਮੀਟਰ ਦੇ ਵਿਚਕਾਰ ਹੈ। ਪ੍ਰਸਤਾਵਿਤ ਸਾਈਟ ਦੇ 10 ਕਿਲੋਮੀਟਰ ਆਲੇ ਦੁਆਲੇ ਦੀ ਸਥਲ ਦੀ ਰੂਪ ਰੇਖਾ ਥੋੜ੍ਹੀ ਜਿਹੀ ਪਰਬਤ ਵਰਗੀ ਹੈ ਅਤੇ 251 ਤੋਂ 289 ਐਮਐਸਐਲ ਦੇ ਵਿਚਕਾਰ ਹੈ।

**ਤਾਪਮਾਨ-** ਸਾਲਾਨਾ ਔਸਤਨ ਮੱਧਮਾਨ ਨਿਊਨਤਮ ਤਾਪਮਾਨ $2.7^0$ ਸੈਂਟੀਗ੍ਰੇਡ (ਜਨਵਰੀ) ਤੋਂ $22.2^0$ ਸੈਂਟੀਗ੍ਰੇਡ (ਅਗਸਤ) ਤੱਕ ਘੱਟਦਾ ਵੱਧਦਾ ਰਹਿੰਦਾ ਹੈ ਜਦੋਂ ਕਿ ਮੱਧਮਾਨ ਅਧਿਕਤਮ ਤਾਪਮਾਨ $24.1^0$ ਸੈਂਟੀਗ੍ਰੇਡ (ਜਨਵਰੀ) ਤੋਂ $42.8^0$ ਸੈਂਟੀਗ੍ਰੇਡ (ਜੂਨ) ਤੱਕ ਘੱਟਦਾ ਵੱਧਦਾ ਰਹਿੰਦਾ ਹੈ। ਸਭ ਤੋਂ ਵੱਧ ਮਾਸਿਕ ਔਸਤਨ ਤਾਪਮਾਨ ਜੂਨ ਵਿੱਚ $42.8^0$ ਸੈਂਟੀਗ੍ਰੇਡ ਹੁੰਦਾ ਹੈ ਜਦੋਂ ਕਿ ਸਭ ਤੋਂ ਘੱਟ ਮਾਸਿਕ ਔਸਤਨ ਤਾਪਮਾਨ ਜਨਵਰੀ ਦੇ ਮਹੀਨੇ ਵਿੱਚ $2.7^0$ ਸੈਂਟੀਗ੍ਰੇਡ ਹੁੰਦਾ ਹੈ। ਜਨਵਰੀ ਸਭ ਤੋਂ ਠੰਢਾ ਮਹੀਨਾ ਹੁੰਦਾ ਹੈ।

**ਅਨਪਾਤਕ ਨਮੀ-**8:30 'ਤੇ ਅਨੁਪਾਤਕ ਨਮੀ 50% (ਮਈ) ਤੋਂ 87% (ਜਨਵਰੀ) ਤੱਕ ਘੱਟਦਾ ਵੱਧਦਾ ਰਹਿੰਦਾ ਹੈ ਜਦੋਂ ਕਿ 17:30 ਵਜੇ 28% (ਅਪ੍ਰੈਲ) ਤੋਂ 72% (ਅਗਸਤ) ਤੱਕ ਘੱਟਦਾ ਵੱਧਦਾ ਰਹਿੰਦਾ ਹੈ। ਮਾਨਸੂਨ ਰੁੱਤ ਦੌਰਾਨ ਅਨੁਪਾਤਕ ਨਮੀ ਸਵੇਰ ਵੇਲੇ ਆਮ ਤੌਰ 'ਤੇ 76% ਤੋਂ 84% ਵਿਚਕਾਰ ਰਹਿੰਦੀ ਹੈ ਅਤੇ ਦੁਪਹਿਰ ਵੇਲੇ 51% ਤੋਂ 72% ਤੱਕ ਰਹਿੰਦੀ ਹੈ।

**ਬਾਰਸ਼-** ਮਾਨਸੂਨ ਮਈ ਮਹੀਨੇ ਦੇ ਆਖਰੀ ਹਫਤੇ ਵਿੱਚ ਸ਼ੁਰੂ ਹੁੰਦੀ ਹੈ ਅਤੇ ਹਾਲਤ ਆਮ ਤੌਰ 'ਤੇ ਸਤੰਬਰ ਤੱਕ ਰਹਿੰਦੀ ਹੈ ਅਤੇ ਇਸ ਖੇਤਰ ਵਿੱਚ ਅਧਿਕਤਮ ਔਸਤਨ ਬਾਰਸ਼ ਦਾ ਰੁਝਾਨ ਜੂਨ ਤੋਂ ਸਤੰਬਰ ਵਿਚਕਾਰ ਦੀ ਅਵਧੀ ਰਿਕਾਰਡ ਕੀਤਾ ਗਿਆ ਹੈ। ਕੁੱਲ ਸਾਲਾਨਾ ਮੱਧਮਾਨ ਬਾਰਸ਼ 898.2 ਮਿ.ਮੀ. ਰਿਕਾਰਡ ਕੀਤੀ ਗਈ ਸੀ। ਜੁਲਾਈ ਮਹੀਨੇ ਵਿੱਚ ਵੱਧ ਤੋਂ ਵੱਧ ਬਾਰਸ਼ 264.7 ਮਿ.ਮੀ. ਸੀ ਜਦੋਂ ਕਿ ਘੱਟ ਤੋਂ ਘੱਟ ਮਾਸਿਕ ਔਸਤਨ ਬਾਰਸ਼ ਨਵੰਬਰ ਵਿੱਚ 4.5 ਮਿ.ਮੀ. ਸੀ।

**ਹਵਾ ਦੀ ਦਿਸ਼ਾ-** ਇਸ ਖੇਤਰ ਦੀ ਦਿਸ਼ਾ ਦਾ ਪੈਟਰਨ ਦਰਸਾਉਂਦਾ ਹੈ ਕਿ ਜ਼ਿਆਦਾਤਰ ਮਹੀਨਿਆਂ ਵਿੱਚ ਹਵਾ ਦੀ ਮੁੱਖ ਦਿਸ਼ਾਂ ਉੱਤਰਪੱਛਮ ਹੁੰਦੀ ਹੈ

*ਮਿੱਟੀ ਦੀ ਗੁਣਵੱਤਾ*

ਗਰੇਨ ਸਾਈਜ਼ ਵੰਡ ਦੇ ਅਨੁਸਾਰ ਮਿੱਟੀ ਦੇ ਸਾਰੇ ਨਮੂਨਿਆਂ ਵਿੱਚ ਰੇਤ ਦੀ ਪ੍ਰਤੀਸ਼ੱਤਤਾ 52.7 ਤੋਂ% 63.4% ਸੀ, ਤਲਛਟ 19.2 ਤੋਂ 29.8% ਤੱਕ ਸੀ ਅਤੇ ਚੀਕਣੀ ਮਿੱਟੀ 15.8% ਤੋਂ 23.1% ਸੀ। ਇਸ ਪ੍ਰਕਾਰ, ਮਿੱਟੀ ਦੀ ਬਣਾਵਟ ਰੇਤਲੀ ਦੋਮਟ ਹੈ। ਅਧਿਐਨ ਦੀ ਰੁੱਤ ਦੌਰਾਨ ਮਿੱਟੀ ਦੀ ਪੀਐਚ ਦੀ ਰੇਂਜ ਨੂੰ 7.69 ਤੋਂ 8.04 ਵਿਚਕਾਰ ਦੇਖਿਆ ਗਿਆ ਸੀ, ਜਿਸ ਕਾਰਣ ਮਿੱਟੀ ਹਲਕੀ ਜਿਹੀ ਅਲਕਾਲਾਇਨ ਤੋਂ ਦਰਮਿਆਨੀ ਅਲਕਾਲਾਇਨ ਵਿਚਕਾਰ ਦਿਖਾਈ ਦਿੰਦੀ ਹੈ। ਅਧਿਐਨ ਦੌਰਾਨ ਲਏ ਗਏ ਨਮੂਨੇ ਦੀ ਮਿੱਟੀ ਦੀ ਆਰਗੈਨਿਕ ਕਾਰਬਨ ਸਮੱਗਰੀ 0.59% ਤੋਂ 0.83% ਵਿਚਕਾਰ ਰਹਿੰਦੀ ਹੈ, ਜਿਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਸ ਮਿੱਟੀ ਅੰਦਰ ਦਰਮਿਆਨੀ ਤੋਂ ਵੱਧ ਆਰਗੈਨਿਕ ਸਮੱਗਰੀ ਹੈ। ਸੜ੍ਹਾ ਦੀਆਂ ਮਿੱਟੀਆਂ ਵਿੱਚ ਉਪਲਬਧ ਨਾਈਟ੍ਰੋਜਨ ਦੀ ਸਮੱਗਰੀ 218 ਕਿਲੋਗ੍ਰਾਮ/ਹੈਕਟੇਅਰ ਤੋਂ 342 ਕਿਲੋਗ੍ਰਾਮ/ਹੈਕਟੇਅਰ ਵਿੱਚ ਰਹਿੰਦੀ ਹੈ ਜਿਸ ਤੋਂ ਇਹ ਪਤਾ ਚੱਲਦਾ ਹੈ ਕਿ ਮਿੱਟੀ ਵਿੱਚ ਨਾਈਟ੍ਰੋਜਨ ਦੀ ਘੱਟ ਤੋਂ ਦਰਮਿਆਨੀ ਮਾਤਰਾ ਉਪਲਬਧ ਹੈ। ਫਾਸਫੋਰਸ ਦੀ ਉਪਲਬਧ ਮਾਤਰਾ 15.9 ਕਿਲੋਗ੍ਰਾਮ/ਹੈਕਟੇਅਰ ਤੋਂ 22.1 ਕਿਲੋਗ੍ਰਾਮ/ਹੈਕਟੇਅਰ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਸ ਮਿੱਟੀ ਵਿੱਚ ਦਰਮਿਆਨੀ ਮਾਤਰਾ ਵਿੱਚ ਫਾਸਫੋਰਸ ਉਪਲਬਧ ਹੈ। ਇਨ੍ਹਾਂ ਮਿੱਟੀਆਂ ਵਿੱਚ ਪੋਟਾਸ਼ੀਅਮ ਦੀ ਉਪਲਬਧ ਸਮੱਗਰੀ 187 ਕਿਲੋਗ੍ਰਾਮ/ਹੈਕਟੇਅਰ ਤੋਂ 242 ਕਿਲੋਗ੍ਰਾਮ/ਹੈਕਟੇਅਰ ਵਿਚਕਾਰ ਰਹਿੰਦੀ ਹੈ ਜਿਸ ਤੋਂ ਇਹ ਪਤਾ ਚੱਲਦਾ ਹੈ ਕਿ ਮਿੱਟੀ ਵਿੱਚ ਪੋਟਾਸ਼ੀਅਮ ਦੀ ਸਮੱਗਰੀ ਦਰਮਿਆਨੀ ਮਾਤਰਾ ਵਿੱਚ ਉਪਲਬਧ ਹੈ।

*ਪਾਣੀ ਦੀ ਗੁਣਵੱਤਾ (ਜ਼ਮੀਨੀ ਪਾਣੀ ਅਤੇ ਸਤ੍ਹਾ ਦਾ ਪਾਣੀ)*

ਅਧਿਐਨ ਦੀ ਅਵਧੀ ਦੌਰਾਨ ਸਾਈਟ ਦੇ ਆਲੇ ਦੁਆਲਿਓਂ ਵੱਖ-ਵੱਖ ਥਾਵਾਂ ਤੋਂ ਜ਼ਮੀਨੀ ਪਾਣੀ ਅੱਠ ਵੱਖ ਵੱਖ ਨਮੂਨੇ ਲਏ ਗਏ ਸਨ। ਪਾਣੀ ਦੇ ਨਮੂਨਿਆਂ ਦੀ ਭੌਤਿਕ ਰਸਾਇਣਕ ਮਾਪਦੰਡਾਂ ਅਤੇ ਜੀਵਾਣੂ ਮਾਪਦੰਡਾਂ ਲਈ ਜਾਂਚ ਕੀਤੀ ਗਈ ਸੀ।

ਵਿਸ਼ਲੇਸ਼ਣ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਪੀਐਚ ਦੀ ਰੇਂਜ 7.09 ਤੋਂ 8.19 ਵਿਚਕਾਰ ਰਹੀ ਹੈ, ਜਿਹੜੀ ਕਿ 6.5 ਤੋਂ 8.5 ਦੀ ਨਿਰਧਾਰਿਤ ਸੀਮਾ ਅੰਦਰ ਰਹਿੰਦੀ ਹੈ। ਕੁੱਲ ਹਾਰਡਨੈਸ ਨੂੰ 94 ਤੋਂ 820 ਮਿਗ੍ਰਾ/ਲੀਟਰ ਵਿਚਕਾਰ ਰਿਕਾਰਡ ਕੀਤਾ ਗਿਆ ਸੀ, ਜੋ ਕਿ ਪਿੱਪਲ ਮੰਗੋਲੀ ਅਤੇ ਮਰਦਾਨਪੁਰ ਤੋਂ ਇਲਾਵਾ ਸਾਰੀਆਂ ਥਾਵਾਂ 'ਤੇ 600 ਮਿ.ਗ੍ਰਾ./ਲੀਟਰ ਦੀ ਉਚਿਤ ਸੀਮਾ ਅੰਦਰ ਹੈ। ਰਿਕਾਰਡ ਕੀਤਾ ਗਿਆ ਟੋਟਲ ਡਿਸੋਲਵਡ ਸਾਲਿਡਜ਼ (ਟੀਡੀਐਸ) ਕੰਸਟ੍ਰੇਸ਼ਨ 240 ਤੋਂ 1895 ਮਿ.ਗ੍ਰਾ./ਲੀਟਰ ਵਿਚਕਾਰ ਰਿਹਾ ਹੈ ਅਤੇ ਸਾਰੀਆਂ ਥਾਵਾਂ 'ਤੇ ਉਚਿੱਤ ਸੀਮਾਵਾਂ (2000 ਮਿ.ਗ੍ਰਾ./ਲੀਟਰ) ਅੰਦਰ ਸੀ। ਕਲੋਰਾਇਡਾਂ ਨੂੰ 60 ਤੋਂ 518 ਮਿ.ਗ੍ਰਾ./ਲੀਟਰ ਦੀ ਰੇਂਜ ਵਿੱਚ ਰਿਕਾਰਡ ਕੀਤਾ ਗਿਆ ਸੀ, ਜਿਹੜਾ ਸਾਰੀਆਂ ਥਾਵਾਂ 'ਤੇ 1000 ਮਿ.ਗ੍ਰਾ./ਲੀਟਰ ਦੀਆਂ ਉਚਿਤ

ਸੀਮਾਵਾਂ ਅੰਦਰ ਹੈ। ਸਾਰੀਆਂ ਲੋਕੇਸ਼ਨਾਂ 'ਤੇ ਸਲਫੇਟ ਉਚਿਤ ਸੀਮਾਵਾਂ (400 ਮਿ.ਗ੍ਰਾ./ਲੀਟਰ) ਅੰਦਰ ਸੀ ਕਿਉਂਕਿ ਇਹ 26 – 142 ਮਿ.ਗ੍ਰਾ./ਲੀਟਰ ਵਿਚਕਾਰ ਸੀ। ਜੀਵਾਣੂ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਨਮੂਨਿਆਂ ਵਿੱਚ ਕੋਈ ਵੀ ਕੋਲੀਫੋਰਮ ਜੀਵਾਣੂ ਨਹੀਂ ਹਨ। ਧਾਤੂ ਦੀ ਭਾਰੀ ਸਮੱਗਰੀ ਨੂੰ ਪਤਾ ਲਗਾਉਣ ਯੋਗ ਸੀਮਾਵਾਂ ਦੇ ਹੇਠਾਂ ਦੇਖਿਆ ਗਿਆ ਸੀ।

ਸਾਰੇ ਭੌਤਿਕ ਅਤੇ ਸਧਾਰਨ ਮਾਪਦੰਡਾਂ ਨੂੰ ਆਈਐਸ10500:2012 (ਦੂਜੀ ਸੋਧ) ਅਨੁਸਾਰ ਮਨਜ਼ੂਰਸ਼ੁਦਾ ਸੀਮਾ ਅੰਦਰ ਦੇਖਿਆ ਗਿਆ ਸੀ ਪਿੰਡ-ਪਿਪਲ ਮੰਗੋਲੀ ਅਤੇ ਮਰਦਾਨਪੁਰ ਵਿਖੇ ਕੁੱਲ ਹਾਰਡਨੈਸ ਤੋਂ ਇਲਾਵਾ। ਇਸ ਪ੍ਰਕਾਰ, ਇਹ ਸੁਝਾਅ ਦਿੱਤਾ ਗਿਆ ਹੈ ਕਿ **ਪੀਣ ਵਾਲੇ ਪਾਣੀ ਦੀਆਂ ਲੋੜਾਂ ਲਈ ਫਿਲਟਰ ਕੀਤਾ ਅਤੇ ਕੀਟਾਣੂਰਹਿਤ ਪਾਣੀ ਦਿੱਤਾ ਜਾਏ।**

ਅਧਿਐਨ ਦੀ ਅਵਧੀ ਦੌਰਾਨ ਸਾਈਟ ਦੇ ਆਲੇ-ਦੁਆਲੇ ਦੀਆਂ ਵੱਖ-ਵੱਖ ਥਾਵਾਂ ਤੋਂ ਸਤ੍ਹਾ ਦੇ ਪਾਣੀ ਪੰਜ ਨਮੂਨੇ ਇਕੱਤਰ ਕੀਤੇ ਗਏ ਸਨ। ਪਾਣੀ ਦੇ ਨਮੂਨਿਆਂ ਦੀ ਭੌਤਿਕ ਰਸਾਇਣਕ ਮਾਪਦੰਡਾਂ ਅਤੇ ਜੀਵਾਣੂ ਮਾਪਦੰਡਾਂ ਲਈ ਜਾਂਚ ਕੀਤੀ ਗਈ ਸੀ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਰਾਹੀਂ 'ਸਤਹੀ ਪਾਣੀਆਂ ਦੀ ਵਰਤੋਂ ਆਧਾਰਿਤ ਵੰਡ' ਨਾਲ ਪੀਐਚ, ਡੀਓ, ਬੀਓਡੀ ਅਤੇ ਕੁੱਲ ਕੈਲੀਫੋਰਮ ਦੀਆਂ ਕੀਮਤਾਂ ਦਾ ਮੁਲਾਂਕਣ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਹੈ; ਇਹ ਦੇਖਿਆ ਜਾ ਸਕਦਾ ਹੈ ਕਿ ਵਿਸ਼ਲੇਸ਼ਣ ਕੀਤਾ ਗਿਆ ਸਤ੍ਹਾ ਦਾ ਪਾਣੀ ਹਲਕਾ ਜਿਹਾ ਪ੍ਰਦੂਸ਼ਿਤ ਹੈ ਅਤੇ ਇਸ ਨੂੰ "**ਸ਼ਰੇਣੀ 'ਸੀ'**" ਵਿੱਚ ਰੱਖਿਆ ਗਿਆ ਹੈ ਅਤੇ ਰਿਵਾਇਤੀ ਉਪਚਾਰ ਅਤੇ ਸੰਕ੍ਰਮਣ ਰਹਿਤ ਕਰਕੇ ਪੀਣ ਵਾਲੇ ਪਾਣੀ ਦੇ ਸਰੋਤ ਵਜੋਂ ਵਰਤਿਆ ਜਾ ਸਕਦਾ ਹੈ। ਇਸ ਪ੍ਰਕਾਰ, ਵਿਸ਼ਲੇਸ਼ਣ ਕੀਤੇ ਗਏ ਸਾਰੇ ਮਾਪਦੰਡ "**ਰਿਵਾਇਤੀ ਉਪਚਾਰ ਅਤੇ ਸੰਕ੍ਰਮਣ ਰਹਿਤ ਤੋਂ ਬਾਅਦ ਪੀਣ ਵਾਲੇ ਪਾਣੀ ਦੀ ਲੋੜ**" ਨੂੰ ਪੂਰਾ ਕਰਨ ਲਈ ਨਿਰਧਾਰਿਤ ਸੀਮਾਵਾਂ ਦੇ ਅੰਦਰ ਸਨ।

*ਹਵਾ ਦੀ ਗੁਣਵੱਤਾ*

ਏਏਕਿਊ ਮੋਨੀਟਰਿੰਗ ਹਵਾ ਦੀ ਮੁੱਖ ਦਿਸ਼ਾ, ਆਬਾਦੀ ਵਾਲੇ ਖੇਤਰ ਅਤੇ ਸੰਵੇਦਨਸ਼ੀਲ ਰਿਸੈਪਟਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਧਿਐਨ ਖੇਤਰ ਅੰਦਰ ਅੱਠ ਥਾਵਾਂ 'ਤੇ ਕੀਤੀ ਗਈ ਸੀ। ਪੀਐਮ10, ਪੀਐਮ2.5, ਐਸਓ2, ਐਨਓਐਕਸ, ਸੀਓ ਐਨਐਚ3, ਵੀਓਸੀ, ਮਿਥੇਨ ਅਤੇ ਗੈਰ-ਮਿਥੇਨ ਦੀ ਅਧਿਕਤਮ ਕੰਸਟ੍ਰੇਸ਼ਨ 87 µg/m3, 48 µg/m3,16.2 µg/m3, 24.5 µg/m3 ,1.21 mg/m3 ,<20 µg/m3 ,<0.1 µg/m3, ,<0.5 ppm & <0.2 ppm ਕ੍ਰਮਵਾਰ ਸੀ।

**ਪਾਰਟੀਕੁਲੇਟ ਮੈਟਰ ($PM_{10}$)**: ਅਧਿਐਨ ਖੇਤਰ ਵਿੱਚ $PM_{10}$ ਦੀਆਂ ਕੀਮਤਾਂ ਦੀ ਰੇਂਜ **42 µg/m$^3$** ਤੋਂ **87 µg/m$^3$** ਤੱਕ ਹੁੰਦੀ ਹੈ। ਅਧਿਕਤਮ $PM_{10}$ ਕੀਮਤਾਂ ਅਰਥਾਤ 87 µg/m$^3$ ਨੂੰ **ਰਾਜਪੁਰਾ ਇੰਡਸਟ੍ਰੀਅਲ ਏਰੀਆ (ਏਏਕਿਊ-8,9.19 ਕਿਮੀ, ਉੱਤਰਪੱਛਮ)** ਅਤੇ **ਨਿਊਨਤਮ** ਮੁੱਲ ਅਰਥਾਤ 42 µg/m$^3$ ਨੂੰ ਹਵਾ ਦੀ ਹੇਠਾਂ ਵੱਲ ਦੀ ਦਿਸ਼ਾ ਵਿੱਚ ਰਿਹਾਇਸ਼ੀ ਖੇਤਰ ਵਿੱਚ **ਨਨਹੇਰੀ (ਸਰਕਾਰੀ ਸਕੂਲ (ਏਏਕਿਊ-7, 4.21 ਕਿਲੋਮੀਟਰ, ਦੱਖਣਪੂਰਬ)** ਵਿੱਚ ਦੇਖਿਆ ਗਿਆ ਸੀ। ਨਤੀਜੇ ਸਾਰੀਆਂ ਥਾਵਾਂ 'ਤੇ ਐਨਏਏਕਿਊਐਸ ਸੀਮਾ ਅੰਦਰ ਕੀਮਤਾਂ ਨੂੰ ਦਰਸਾਉਂਦੇ ਹਨ। ਪ੍ਰਦੂਸ਼ਣ ਦੇ ਅਧਿਕਤਮ ਲੈਵਲ **ਰਾਜਪੁਰਾ ਇੰਡਸਟ੍ਰੀਅਲ ਖੇਤਰ** (ਏਏਕਿਊ-8) ਅੰਦਰ ਦੇਖੇ ਗਏ ਹਨ। **ਰਾਜਪੁਰਾ ਇੰਡਸਟ੍ਰੀਅਲ ਖੇਤਰ** ਵਿੱਚ ਮੁੱਲ ਇੰਡਸਟ੍ਰੀਅਲ ਗਤੀਵਿਧੀਆਂ ਅਤੇ ਨਜ਼ਦੀਕੀ ਹਾਈਵੇਅ ਐਨਐਚ-64 ਅਤੇ ਐਨਐਚ-1 ਦੇ ਵਾਹਨਾਂ ਦੀ ਟ੍ਰੈਫਿਕ ਦੀ ਨਿਕਾਸੀ ਕਾਰਣ ਦੇਖਿਆ ਗਿਆ ਸੀ।

**ਪਾਰਟੀਕੁਲੇਟ ਮੈਟਰ ($PM_{2.5}$)**: ਅਧਿਐਨ ਖੇਤਰ ਵਿੱਚ $PM_{2.5}$ ਦੀਆਂ ਕੀਮਤਾਂ ਦੀ ਰੇਂਜ **18 µg/m$^3$** ਤੋਂ **48 µg/m$^3$** ਤੱਕ ਹੁੰਦੀ ਹੈ। **ਅਧਿਕਤਮ** $PM_{2.5}$ ਕੀਮਤਾਂ ਅਰਥਾਤ 48 µg/m$^3$ ਨੂੰ **ਰਾਜਪੁਰਾ ਇੰਡਸਟ੍ਰੀਅਲ ਏਰੀਆ (ਏਏਕਿਊ-8,9.19 ਕਿਮੀ, ਉੱਤਰਪੱਛਮ)** ਅਤੇ **ਨਿਊਨਤਮ** ਮੁੱਲ ਅਰਥਾਤ 18 µg/m$^3$ ਨੂੰ ਹਵਾ ਦੀ ਹੇਠਾਂ ਵੱਲ ਦੀ ਦਿਸ਼ਾ ਵਿੱਚ ਰਿਹਾਇਸ਼ੀ ਖੇਤਰ ਵਿੱਚ **ਨਨਹੇਰੀ (ਸਰਕਾਰੀ ਸਕੂਲ (ਏਏਕਿਊ-7**), 4.21 ਕਿਲੋਮੀਟਰ, ਦੱਖਣਪੂਰਬ ਵਿੱਚ ਦੇਖਿਆ ਗਿਆ ਸੀ। ਨਤੀਜੇ ਸਾਰੀਆਂ ਥਾਵਾਂ 'ਤੇ ਐਨਏਏਕਿਊਐਸ ਸੀਮਾ ਅੰਦਰ ਕੀਮਤਾਂ ਨੂੰ ਦਰਸਾਉਂਦੇ ਹਨ। ਪ੍ਰਦੂਸ਼ਣ ਦੇ ਅਧਿਕਤਮ ਲੈਵਲ **ਰਾਜਪੁਰਾ ਇੰਡਸਟ੍ਰੀਅਲ ਖੇਤਰ** (ਏਏਕਿਊ-8) ਅੰਦਰ ਦੇਖੇ ਗਏ ਹਨ। **ਰਾਜਪੁਰਾ ਇੰਡਸਟ੍ਰੀਅਲ ਖੇਤਰ** ਵਿੱਚ ਮੁੱਲ ਇੰਡਸਟ੍ਰੀਅਲ ਗਤੀਵਿਧੀਆਂ ਅਤੇ ਨਜ਼ਦੀਕੀ ਹਾਈਵੇਅ ਐਨਐਚ-64 ਅਤੇ ਐਨਐਚ-1 ਦੇ ਵਾਹਨਾਂ ਦੀ ਟ੍ਰੈਫਿਕ ਦੀ ਨਿਕਾਸੀ ਕਾਰਣ ਦੇਖਿਆ ਗਿਆ ਸੀ।

**ਸਲਫਰ ਡਾਇਆਕਸਾਇਡ ($SO_2$)**: ਅਧਿਐਨ ਖੇਤਰ ਵਿੱਚ $SO_2$ ਦੀਆਂ ਕੀਮਤਾਂ ਦੀ ਰੇਂਜ **5.6 µg/m$^3$** ਤੋਂ **16.2 µg/m$^3$** ਤੱਕ ਹੁੰਦੀ ਹੈ। **ਅਧਿਕਤਮ** $SO_2$ ਕੀਮਤਾਂ ਅਰਥਾਤ 16.2 µg/m$^3$ ਨੂੰ **ਰਾਜਪੁਰਾ ਇੰਡਸਟ੍ਰੀਅਲ ਏਰੀਆ (ਏਏਕਿਊ-8,9.19 ਕਿਮੀ, ਉੱਤਰਪੱਛਮ)** ਅਤੇ **ਨਿਊਨਤਮ** $SO_2$ ਮੁੱਲ ਪ੍ਰੋਜੈਕਟ ਦੀ ਸਾਈਟ (ਏਏਕਿਊ-7) ਵਿੱਚ ਦੇਖਿਆ ਗਿਆ ਸੀ। ਨਤੀਜੇ ਸਾਰੀਆਂ ਥਾਵਾਂ 'ਤੇ ਐਨਏਏਕਿਊਐਸ ਸੀਮਾ (80 µg/m$^3$) ਅੰਦਰ ਕੀਮਤਾਂ ਨੂੰ ਦਰਸਾਉਂਦੇ ਹਨ। ਕੁੱਝ ਹੱਦ ਤੱਕ ਇਸ ਖੇਤਰ ਵਿੱਚ ਅਧਿਕਤਮ ਕੰਸਟ੍ਰੇਸ਼ਨ ਨਜ਼ਦੀਕੀ ਹਾਈਵੇਅ ਐਨਐਚ-1 ਅਤੇ ਐਨਐਚ-64 ਦੇ ਵਾਹਨਾਂ ਦੀ ਟ੍ਰੈਫਿਕ ਦੀ ਨਿਕਾਸੀ ਅਤੇ ਇੰਡਸਟ੍ਰੀਅਲ ਗਤੀਵਿਧੀਆਂ ਕਾਰਣ ਦੇਖੀ ਗਈ ਸੀ।

**ਨਾਈਟ੍ਰੋਜਨ ਦੇ ਆਕਸਾਇਡ (NOx)**: ਅਧਿਐਨ ਖੇਤਰ ਵਿੱਚ **NOx** ਦੀਆਂ ਕੀਮਤਾਂ ਦੀ ਰੇਂਜ **7.5 µg/m$^3$ – 24.5 µg/m$^3$** ਤੱਕ ਹੁੰਦੀ ਹੈ। **ਅਧਿਕਤਮ NOx** ਕੀਮਤਾਂ ਅਰਥਾਤ 24.5 µg/m$^3$ ਨੂੰ 9.19 ਕਿਲੋਮੀਟਰ ਦੀ ਦੂਰੀ 'ਤੇ **ਰਾਜਪੁਰਾ ਇੰਡਸਟ੍ਰੀਅਲ ਏਰੀਆ (ਏਏਕਿਊ-8)** ਵਿੱਚ ਉੱਤਰ ਪੱਛਮ ਵਿਚ ਹਵਾ ਦੀ ਉੱਪਰ ਵੱਲ ਦੀ ਦਿਸ਼ਾ ਅਤੇ ਨਿਊਨਤਮ **ਕੀਮਤਾਂ** ਅਰਥਾਤ 7.5 µg/m$^3$ ਪ੍ਰੋਜੈਕਟ ਦੀ ਸਾਈਟ **(ਏਏਕਿਊ-1)** ਵਿੱਚ ਦੇਖਿਆ ਗਿਆ ਸੀ। ਨਤੀਜੇ ਸਾਰੀਆਂ ਥਾਵਾਂ 'ਤੇ ਐਨਏਏਕਿਊਐਸ ਸੀਮਾ (80 µg/m$^3$) ਅੰਦਰ ਕੀਮਤਾਂ ਨੂੰ ਦਰਸਾਉਂਦੇ ਹਨ ਅਤੇ ਕੁੱਝ ਹੱਦ ਤੱਕ ਕੋਲਾ, ਡੀਜ਼ਲ, ਆਦਿ ਵਰਗੇ ਈਂਧਨ ਨੂੰ ਜਲਾਉਣ ਕਾਰਣ ਇੰਡਸਟ੍ਰੀਅਲ ਏਰੀਏ ਵਿੱਚ ਪ੍ਰਦੂਸ਼ਣ ਦੇ ਉੱਚਤਮ ਲੈਵਲਾਂ ਨੂੰ ਦੇਖਿਆ ਗਿਆ ਹੈ।

**CO**: ਅਧਿਐਨ ਦੇ ਖੇਤਰ ਵਿੱਚ CO ਦੀਆਂ ਕੀਮਤਾਂ ਦੀ ਰੇਂਜ **0.32 mg/m$^3$ – 1.21 µg/m$^3$** ਤੱਕ ਹੁੰਦੀ ਹੈ। ਅਧਿਕਤਮ CO ਕੀਮਤਾਂ ਅਰਥਾਤ 1.21 mg/m$^3$ ਨੂੰ ਰਾਜਪੁਰਾ ਇੰਡਸਟ੍ਰੀਅਲ ਏਰੀਆ (ਏਏਕਿਊ-8) ਅਤੇ ਨਿਊਨਤਮ ਮੁੱਲ ਅਰਥਾਤ 0.32 mg/m$^3$ ਨੂੰ ਉਲਾਨਾ, (ਸਰਕਾਰੀ ਸਕੂਲ) (ਏਏਕਿਊ-6) ਵਿੱਚ ਦੇਖਿਆ ਗਿਆ ਸੀ, ਜੋ ਕਿ ਇੱਕ ਰਿਹਾਇਸ਼ੀ ਖੇਤਰ ਹੈ। ਨਤੀਜੇ

ਸਾਰੀਆਂ ਥਾਵਾਂ 'ਤੇ ਐਨਏਏਕਿਊਐਸ ਸੀਮਾ (4 mg/m$^3$) ਅੰਦਰ ਕੀਮਤਾਂ ਨੂੰ ਦਰਸਾਉਂਦੇ ਹਨ। ਇਸ ਖੇਤਰ ਵਿੱਚ ਅਧਿਕਤਮ ਕੰਸਟ੍ਰੇਸ਼ਨ ਦੇ ਸਰੋਤ ਨਜ਼ਦੀਕੀ ਹਾਈਵੇਅ ਐਨਐਚ-1 ਅਤੇ ਐਨਐਚ-64 ਦੇ ਵਾਹਨਾਂ ਦੀ ਟ੍ਰੈਫਿਕ ਦੀ ਨਿਕਾਸੀ ਹੋ ਸਕਦਾ ਹੈ।

ਅਧਿਐਨ ਦੇ ਖੇਤਰ ਵਿੱਚ $NH_3$, VOC, ਮਿਥੇਨ ਅਤੇ ਗੈਰ-ਮਿਥੇਨ ਦੀਆਂ ਕੀਮਤਾਂ ਕ੍ਰਮਵਾਰ **<20 µg/m$^3$, <0.1 µg/m$^3$ , <0.5 ppm & <0.2 ppm** ਦੇਖੀਆਂ ਗਈਆਂ ਸਨ।

*<u>ਸ਼ੋਰ</u>*
ਸ਼ੋਰ ਅਧਿਐਨ ਖੇਤਰ ਦੀਆਂ ਅੱਠ ਥਾਵਾਂ 'ਤੇ ਮੋਨੀਟਰ ਕੀਤਾ ਗਿਆ ਸੀ। ਪਟਿਆਲਾ ਤੋਂ ਘਨੌਰ ਸੜਕ 'ਤੇ ਅਤੇ ਪਿਪਲ ਮੰਗੌਲੀ ਲੋਕੇਸ਼ਨ 'ਤੇ ਸ਼ੋਰ ਨੂੰ ਸੀਪੀਸੀਬੀ ਸ਼ੋਰ ਦੀ ਸੀਮਾ ਤੋਂ ਵੱਧਦਾ ਦੇਖਿਆ ਗਿਆ ਸੀ। ਪਟਿਆਲਾ ਤੋਂ ਘਨੌਰ ਸੜਕ 'ਤੇ ਅਤੇ ਪਿਪਲ ਮੰਗੌਲੀ ਲੋਕੇਸ਼ਨ 'ਤੇ ਸ਼ੋਰ ਦੇ ਪ੍ਰਮੁੱਖ ਸਰੋਤ ਵਿੱਚ ਰਿਹਾਇਸ਼ੀ ਇਲਾਕੇ ਵਿੱਚ ਜਨਤਕ ਗਤੀਵਿਧੀ ਅਤੇ ਨਜ਼ਦੀਕੀ ਸੜਕ ਪਟਿਆਲਾ ਤੋਂ ਘਨੌਰ ਸੜਕ ਹਨ ਅਤੇ ਅਧਿਐਨ ਖੇਤਰ ਦੇ ਦੂਜੀ ਸਾਰੀ ਲੋਕੇਸ਼ਨ ਨੂੰ ਨਿਰਧਾਰਤ ਰਾਸ਼ਟਰੀ ਵਾਤਾਵਰਣ ਸ਼ੋਰ ਗੁਣਵੱਤਾ ਵਾਲੇ ਮਿਆਰਾਂ ਅੰਦਰ ਦੇਖਿਆ ਗਿਆ ਹੈ।

*<u>ਵਾਤਾਵਰਣ ਅਤੇ ਜੈਵਿਕ ਵਿਭਿੰਨਤਾਂ</u>*

**ਬਨਸਪਤੀ:** ਪ੍ਰਸਤਾਵਿਤ ਪ੍ਰੋਜੈਕਟ ਖਸਰਾ ਨੰਬਰ 529/2 (3-15), 530/2 (5-15), 531/1(0-10), ਸਬ-ਤਹਿਸੀਲ-ਘਨੌਰ, ਤਹਿਸੀਲ-ਰਾਜਪੁਰਾ, ਪਿੰਡ-ਹਸਨਪੁਰ, ਜ਼ਿਲ੍ਹਾ-ਪਟਿਆਲਾ, ਪੰਜਾਬ ਵਿੱਚ ਸਥਿਤ ਹੈ। ਅਧਿਐਨ ਖੇਤਰ ਵਿੱਚ ਕੋਈ ਵੀ ਜੰਗਲ ਨਹੀਂ ਹੈ ਅਤੇ ਸੜਕ ਦੇ ਕਿਨਾਰੇ ਅਤੇ ਖੇਤਾਂ ਦੇ ਨਾਲ ਨਾਲ ਦੂਜੇ ਖੁਲ੍ਹੇ ਖੇਤਰਾਂ ਵਿੱਚ ਬਨਸਪਤੀ ਸੀਮਿਤ ਹੈ। ਪ੍ਰੋਜੈਕਟ ਦਾ ਮੁੱਖ ਜ਼ੋਨ ਮੁੱਖ ਤੌਰ 'ਤੇ ਖੇਤੀਬਾੜੀ ਭੂਮੀ ਦੀ ਵਰਤੋਂ ਕਰਨਾ ਹੈ। ਮੁੱਖ ਜ਼ੋਨ ਦੇ ਅੰਦਰ ਕੋਈ ਵੀ ਪ੍ਰਮੁੱਖ ਬਨਸਪਤੀ ਨਹੀਂ ਹੈ। ਖੇਤ ਦੀ ਸੀਮਾ, ਸੜਕ ਦੇ ਕਿਨਾਰੇ ਅਤੇ ਹੋਰ ਖੁੱਲ੍ਹੀਆਂ ਥਾਵਾਂ 'ਤੇ ਬਨਸਪਤੀ ਸੀਮਿਤ ਹੈ। ਮੁੱਖ ਜ਼ੋਨ ਵਿੱਚ ਦੇਖੀਆਂ ਗਈਆਂ ਰੁੱਖਾਂ ਵਿੱਚ ਬਬੂਲ ਨਿਲੋਟਿਕਾ, ਬਬੂਲ ਅਰੈਬਿਕਾ, ਐਲੇਂਥਸ ਐਕਸਲਜ਼, ਫਿਕਸ ਰੈਲੀਜਿਓਸਾ, ਬਬੂਲ ਕੇਚੂ, ਅਜ਼ਾਦਿਰਾਚਤਾ ਇੰਡਿਕਾ, ਅਤੇ ਡੈਲਬਰਗੀਆ ਸਿਸੂ ਸ਼ਾਮਲ ਹਨ। ਜੜੀਆਂ-ਬੂਟੀਆਂ ਅਤੇ ਝਾੜੀਆਂ ਵਿੱਚ ਸ਼ਾਮਲ ਕੈਲੋਟ੍ਰੋਪਿਸ ਗਿਗੇਂਟੀਆ, ਟ੍ਰਿਬੁਲਸ ਟੈਰੇਸਟ੍ਰਿਟ, ਪਾਰਥੈਨੀਅਮ ਹਿਸਟ੍ਰੋਫੋਰਸ ਅਤੇ ਦਤੂਰਾ ਮੀਟਲ ਨੂੰ ਮੁੱਖ ਖੇਤਰ ਵਿੱਚ ਦੇਖਿਆ ਗਿਆ ਸੀ। ਘਾਹ ਦੀਆਂ ਨਸਲਾਂ ਵਿਚਕਾਰ ਸਿਨੋਡੋਨ ਡੈਕਟੀਲੋਨ ਅਤੇ ਸੈਕਰਮ ਮੁੰਜਾ ਨੂੰ ਮੁੱਖ ਜੋਨ ਵਿੱਚ ਦੇਖਿਆ ਗਿਆ ਸੀ। 10 ਕਿਲੋਮੀਟਰ ਦੇ ਰਕਬੇ ਵਿੱਚ ਪ੍ਰਮੁੱਖ ਭੂਮੀ ਦੀ ਵਰਤੋਂ ਖੇਤੀਬਾੜੀ ਅਤੇ ਰਿਹਾਇਸ਼ ਵਾਲੀ ਹੈ। 10 ਕਿਲੋਮੀਟਰ ਦੇ ਰਕਬੇ ਵਿੱਚ ਦੇਖੀਆਂ ਜਾਣ ਵਾਲੀਆਂ ਰੁੱਖਾਂ ਦੀਆਂ ਪ੍ਰਜਾਤੀਆਂ ਬਬੂਲ ਨਿਲੋਟਿਕਾ, ਬਬੂਲ ਅਰੈਬਿਕਾ, ਐਲੇਂਥਸ ਐਕਸਲਜ਼, ਫਿਕਸ ਰੈਲੀਜਿਓਸਾ, ਬਬੂਲ ਕੇਚੂ, ਪ੍ਰੋਸੋਪਿਸ ਸਾਈਨਰੇਰੀਆ, ਬਬੂਲ ਲਿਕੋਫਲੋਆ, ਐਲੇਂਥਸ ਐਕਸਲਜ਼, ਫਿਕਸ ਰੈਲੀਗਿਓਸਾ, ਅਜ਼ਾਦਿਰਾਚਤਾ ਇੰਡਿਕਾ, ਅਤੇ ਡੈਲਬਰਗੀਆ ਸਿਸ ਆਦਿ ਹਨ।
ਅਧਿਐਨ ਦੇ ਖੇਤਰ ਵਿੱਚ, ਪੌਦੇ ਦੀਆਂ ਕੋਈ ਵੀ ਦੁਰਲਭ ਅਤੇ ਲੁਪਤ ਹੋਣ ਵਾਲੀਆਂ ਪ੍ਰਜਾਤੀਆਂ ਨਹੀਂ ਦੇਖੀਆਂ ਗਈਆਂ ਸਨ (ਸਰੋਤ: ਭਾਰਤੀ ਪੌਦਿਆਂ ਦੀ ਲਾਲ ਡੈਟਾ ਕਿਤਾਬ, ਐਨ. ਪੀ. ਨਈਅਰ ਅਤੇ ਏ. ਪੀ. ਕੇ. ਸਾਸਤਰੀ, ਬੀ.ਐਸ.ਆਈ. 1988)।

**ਜੀਵ-ਜੰਤੂ:** ਮੁੱਖ ਜੋਨ ਵਿੱਚ ਕੋਈ ਵੀ ਦਰਖਤ/ ਬਨਸਪਤੀ ਮੌਜੂਦ ਨਹੀਂ ਹੈ ਇਸ ਲਈ ਮੁੱਖ ਜੋਨ ਵਿੱਚ ਕੋਈ ਜੰਗਲੀ ਜੀਵਨ ਮੌਜੂਦ ਨਹੀਂ ਹੈ। ਹਾਲਾਂਕਿ, ਸਥਾਨਕ ਲੋਕਾਂ ਰਾਹੀਂ ਆਮ ਤੌਰ 'ਤੇ ਰੀਂਗਣ ਵਾਲੇ ਜਾਨਵਰਾਂ ਅਤੇ ਜਲਥਲੀ ਜੀਵਾਂ ਦੀਆਂ ਪ੍ਰਜਾਤੀਆਂ ਦੀ ਹੋਂਦ ਬਾਰੇ ਦੱਸਿਆ ਹੈ। ਮੁੱਖ ਖੇਤਰ ਵਿੱਚ ਆਮ ਪੰਛੀਆਂ ਦੀਆਂ ਪ੍ਰਜਾਤੀਆਂ ਨੂੰ ਵੀ ਦੇਖਿਆ ਗਿਆ ਹੈ। ਅਧਿਐਨ ਵਾਲੇ ਖੇਤਰ ਵਿੱਚ ਜੰਗਲੀ ਜੀਵਨ ਆਮ ਤੌਰ 'ਤੇ ਪਾਏ ਜਾਣ ਵਾਲੀਆਂ ਥਣਧਾਰੀ ਪ੍ਰਜਾਤੀਆਂ ਤੱਕ ਹੀ ਸੀਮਿਤ ਹੈ ਇਸ ਦਾ ਮੁੱਖ ਕਾਰਣ ਇਸ ਖੇਤਰ ਵਿਚ ਸ਼ਹਿਰੀਕਰਨ ਅਤੇ ਉਦਯੋਗੀਕਰਨ ਹੈ।
ਇਸ ਖੇਤਰ ਵਿੱਚ ਕੋਈ ਵਿਸ਼ੇਸ਼ ਮਾਸਾਹਾਰੀ ਅਤੇ ਸ਼ਾਕਾਹਾਰੀ ਜੰਗਲੀ ਜਾਨਵਰ ਨਹੀਂ ਪਾਏ ਜਾਂਦੇ ਹਨ, ਨੀਲਾ ਬਲਦ (ਬੋਸਲੈਫਸ ਟਰੈਗੋਕੈਮਲਸ), ਨਿਉਲਾ (ਹਰਪੈਸਟੈਸ ਐਡਵਾਰਡਜ਼) ਅਤੇ ਜੰਗਲੀ ਬਿੱਲੀ (ਫੈਲਸ ਚੌਸ) ਇਸ ਖੇਤਰ ਵਿੱਚ ਪਾਏ ਜਾਣ ਵਾਲੀ ਜੰਗਲੀ ਬਿੱਲੀ (ਫੈਲਿਸ ਚਾਓਸ) ਆਮ ਥਣਧਾਰੀ ਜੀਵ ਹਨ। ਹਾਲਾਂਕਿ, ਜਨਤਕ ਸਲਾਹ ਮਸ਼ਵਰੇ ਦੌਰਾਨ ਪਿੰਡ ਵਾਸੀਆਂ ਰਾਹੀਂ ਇਸ ਖੇਤਰ ਵਿੱਚ ਲੂੰਬੜੀ ਅਤੇ ਖਰਗੋਸ਼ ਦੀ ਹੋਂਦ ਬਾਰੇ ਵੀ ਦੱਸਿਆ ਗਿਆ ਹੈ।

**ਜਲਥਲੀ ਜੀਵ ਅਤੇ ਰੀਂਗਣ ਵਾਲੇ ਜੀਵ (ਹਰਪੈਟੋਫੌਨਾ)**

ਡੱਡੂ, ਭਾਰਤੀ ਬੁੱਲ ਡੱਡੂ, ਸੱਪ ਜਿਵੇਂ ਭਾਰਤੀ ਕੋਬਰਾ (ਨਾਜਾ ਨਾਜਾ); ਧਮਨ (ਲਾਇਕੋਡੋਨ ਔਲੀਕਸ), ਅਤੇ ਛਿਪਕਲੀ ਨੂੰ ਅਧਿਐਨ ਵਾਲੇ ਖੇਤਰ ਵਿੱਚ ਵੱਖ-ਵੱਖ ਥਾਵਾਂ 'ਤੇ ਦੇਖਿਆ ਗਿਆ ਹੈ

**ਚਿੜੀਆਂ**

ਚਿੜੀਆਂ ਈਕੋਸਿਸਟਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਜੋ ਮਰੇ ਹੋਏ ਪਸ਼ੂ ਖਾਣ ਵਾਲੇ, ਪੋਲੀਨੇਟਰਾਂ, ਕੀਟਾਂ, ਕੀੜੇ ਮਕੌੜਿਆਂ ਆਦਿ ਦਾ ਸ਼ਿਕਾਰ ਕਰਨ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾ ਰਹੀਆਂ ਹਨ। ਉਹ ਵਾਤਾਵਰਣ ਦੀ ਵੱਖ-ਵੱਖ ਸਥਿਤੀ ਦੇ ਜੈਵ ਸੰਕੇਤਕਾਂ ਵਿੱਚੋਂ ਵੀ ਇੱਕ ਹਨ ਅਤੇ ਇਹ ਸ਼ਹਿਰੀਕਰਨ, ਉਦਯੋਗੀਕਰਨ ਅਤੇ ਮਨੁੱਖੀ ਛੇੜਛਾੜ ਨਾਲ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਦੀ ਵਰਤੋਂ ਪ੍ਰਦੂਸ਼ਣ ਅਤੇ ਈਕੋਸਿਸਟਮ ਦੀ ਖਰਾਬੀ ਦੇ ਸੰਵੇਦਨਸ਼ੀਲ ਸੰਕੇਤਕਾਂ ਵਜੋਂ ਕੀਤੀ ਜਾ ਸਕਦੀ ਹੈ। ਚਿੜੀਆਂ ਲਈ ਢੁਕਵੇਂ ਨਿਵਾਸਾਂ ਦੀ ਮੌਜੂਦਗੀ ਦੇ ਕਾਰਨ, ਇੱਥੋਂ ਦੇ ਬਹੁਤ ਸਾਰੇ ਵਾਸੀਆਂ ਨੇ ਅਧਿਐਨ ਖੇਤਰ ਵਿੱਚ ਚਿੜੀਆਂ ਨੂੰ ਦੇਖਿਆ ਹੈ

**ਸੰਕਟਗ੍ਰਸਤ ਅਤੇ ਲੁਪਤ ਹੋਣ ਵਾਲੇ ਥਣਧਾਰੀ ਜੀਵ:** ਅਧਿਐਨ ਖੇਤਰ ਵਿੱਚ ਸੂਚੀਬੱਧ ਥਣਧਾਰੀ ਜੀਵਾਂ ਦੀ ਜਾਂਚ ਭਾਰਤੀ ਜਾਨਵਰਾਂ ਦੀ ਲਾਲ ਡੈਟਾ ਕਿਤਾਬ (ਭਾਰਤ ਦਾ ਚਿੜੀਆ ਘਰ ਸਰਵੇਖਣ) ਨਾਲ ਕੀਤੀ ਗਈ ਹੈ। ਇਸ ਅਧਿਐਨ ਖੇਤਰ ਵਿੱਚ ਕੋਈ ਵੀ ਲੁਪਤ ਹੋਣ ਵਾਲੀਆਂ ਜਾਂ ਅਨੁਸੂਚੀ-। ਥਣਧਾਰੀ ਪ੍ਰਜਾਤੀਆਂ ਮੌਜੂਦ ਨਹੀਂ ਹਨ।

*ਸਮਾਜਿਕ-ਆਰਥਿਕ ਵਾਤਾਵਰਣ*
ਜਨਸੰਖਿਆ ਦੇ ਰਿਕਾਰਡ 2011 ਦੇ ਅਨੁਸਾਰ, 10-ਕਿਲੋਮੀਟਰ ਵਾਲੇ ਅਰਧ-ਵਿਆਸ ਵਾਲੇ ਅਧਿਐਨ ਖੇਤਰ ਦੀ ਕੁੱਲ ਜਨਸੰਖਿਆ 66287 ਮਰਦਾਂ ਅਤੇ 58873 ਔਰਤਾਂ ਦੇ ਨਾਲ 125607 ਵਿਅਕਤੀਆਂ ਵਜੋਂ ਰਿਕਾਰਡ ਕੀਤੀ ਗਈ ਸੀ। ਅਧਿਐਨ ਖੇਤਰ ਅੰਦਰ ਲਿੰਗ ਅਨੁਪਾਤ ਹਰੇਕ 1000 ਪੁਰਸ਼ਾਂ ਲਈ 888 ਔਰਤਾਂ ਨੂੰ ਦਰਸਾਉਂਦਾ ਹੈ। ਇਸ ਅਧਿਐਨ ਖੇਤਰ ਵਿੱਚ ਡਟਕੁੱਲ ਸਾਖਰ ਜਨਸੰਖਿਆ ਨੂੰ 46835 ਪੁਰਸ਼ਾਂ (37.28%) ਅਤੇ 34831 ਔਰਤਾਂ (27.73% ਨਾਲ 81666 (65.01%) ਵਜੋਂ ਰਿਕਾਰਡ ਕੀਤਾ ਗਿਆ ਸੀ।

ਅਧਿਐਨ ਖੇਤਰ ਵਿੱਚ ਕੁੱਲ ਜਨਸੰਖਿਆ (125607) ਵਿੱਚੋਂ ਮੁੱਖ ਅਤੇ ਹਾਸ਼ੀਏ ਵਾਲੇ ਵਰਕਰਾਂ ਦੀ ਜਨਸੰਖਿਆ ਕ੍ਰਮਵਾਰ 36240 (28.85%) ਅਤੇ 5506 (4.38%) ਦੇ ਰੂਪ ਵਿੱਚ ਦੇਖੀ ਗਈ। ਇਸ ਪ੍ਰਕਾਰ, ਇਹ ਪਤਾ ਚੱਲਦਾ ਹੈ ਕਿ ਇਸ ਪ੍ਰੋਜੈਕਟ ਲਈ ਅਧਿਐਨ ਖੇਤਰ ਵਿੱਚ ਲੋੜੀਂਦੀ ਅਰਧ-ਕੁਸ਼ਲ ਅਤੇ ਗੈਰ-ਕੁਸ਼ਲ ਮੈਨਪਾਵਰ ਵਧੇਰੇ ਮਾਤਰਾ ਵਿੱਚ ਉਪਲਬਧ ਹੈ। ਮੁੱਖ ਵਰਕਰਾਂ ਨੂੰ ਅਧਿਐਨ ਖੇਤਰ ਦੀ ਕੁੱਲ ਜਨਸੰਖਿਆ ਦੇ 36240 ਵਿਅਕਤੀ (28.85%) ਵਜੋਂ ਦੇਖਿਆ ਗਿਆ ਸੀ ਅਤੇ ਇਸ ਦੀ ਬਣਤਰ ਅਨਿਯਮਿਤ ਲੇਬਰ 9099 (25%), ਖੇਤੀਬਾੜੀ ਲੇਬਰ 3955 (11%), ਘਰੇਲੂ ਵਰਕਰ 1095 (3%) ਅਤੇ ਹਰ ਵਰਕਰ 22091 (61%) ਦੇ ਰੂਪ ਵਿੱਚ ਦੇਖੀ ਗਈ ਸੀ।

*ਟ੍ਰੈਫਿਕ*
ਇਸ ਸਾਈਟ 'ਤੇ ਪਟਿਆਲਾ ਤੋਂ ਘਨੌਰ ਤੋਂ ਸ਼ੰਭੂ ਸੜਕ ਰਾਹੀਂ ਪਹੁੰਚਿਆ ਜਾ ਸਕਦਾ ਹੈ ਜੋ ਪ੍ਰੋਜੈਕਟ ਦੀ ਸਾਈਟ ਦੇ ਦੱਖਣ-ਪੂਰਬ ਵਿੱਚੋਂ 1.28 ਕਿਲੋਮੀਟਰ ਵਿੱਚੋਂ ਲੰਘਦੀ ਹੈ। ਸਮੱਗਰੀ ਦੀ ਆਵਾਜਾਈ ਪਟਿਆਲਾ ਤੋਂ ਘਨੌਰ ਤੋਂ ਸ਼ੰਭੂ ਸੜਕ (ਪ੍ਰੋਜੈਕਟ ਦੀ ਸਾਈਟ ਦੇ ਨੇੜੇ) ਰਾਹੀਂ ਕੀਤੀ ਜਾਏਗੀ ਜੋ ਕਿ ਅੱਗੇ ਐਨਐਚ-1 ਨਾਲ ਜੁੜਿਆ ਹੋਇਆ ਹੈ। ਕੱਚੇ ਮਾਲ ਅਤੇ ਤਿਆਰ ਉਤਪਾਦ ਦੀ ਢੋਆ ਢੋਆਈ ਕੇਵਲ ਸੜਕ ਰਾਹੀਂ ਕੀਤੀ ਜਾਏਗੀ। ਕੀਤੇ ਗਏ ਅਧਿਐਨ ਦੇ ਅਨੁਸਾਰ, ਇਸ ਸੜਕ 'ਤੇ ਕੋਈ ਵੀ ਵੱਡੀ ਆਵਾਜਾਈ ਨਹੀਂ ਹੁੰਦੀ। ਅਧਿਐਨ ਦੇ ਸਮੇਂ ਦੌਰਾਨ ਅਧਿਐਨ ਖੇਤਰ ਵਿੱਚ ਅਧਿਕਤਮ ਟ੍ਰੈਫਿਕ ਸ਼ਾਮ ਵੇਲੇ ਦੇਖੀ ਗਈ ਸੀ। ਘੱਟ ਆਵਾਜਾਈ ਵਾਲਾ ਸਮਾਂ ਸਵੇਰੇ ਤੜਕੇ ਦੇਖਿਆ ਗਿਆ ਹੈ। ਪ੍ਰਸਤਾਵਿਤ ਪ੍ਰੋਜੈਕਟ ਦੇ ਅਪਰੇਸ਼ਨ ਨਾਲ, ਆਵਾਜਾਈ ਵਿੱਚ ਹੋਰ ਵਾਧਾ ਹੋਵੇਗਾ। ਹਾਲਾਂਕਿ, ਸੜਕ ਦੀ ਸੰਚਾਲਨ ਸਮਰੱਥਾ ਦੇ ਮੁਕਾਬਲੇ ਇਹ ਵਾਧਾ ਬਹੁਤ ਘੱਟ ਹੋਵੇਗਾ। ਇਸ ਲਈ ਪ੍ਰਸਤਾਵਿਤ ਪ੍ਰੋਜੈਕਟ ਦੇ ਕਾਰਣ ਨਜ਼ਦੀਕੀ ਸੜਕ ਵਿੱਚ ਕਿਸੇ ਵੀ ਵੱਡੇ ਪ੍ਰਭਾਵ ਦੀ ਸੰਭਾਵਨਾ ਨਹੀਂ ਹੈ।

**ਸੰਭਾਵਿਤ ਵਾਤਾਵਰਣਕ ਪ੍ਰਭਾਵ ਅਤੇ ਉਸ ਨੂੰ ਘਟਾਉਣ ਦੇ ਉਪਾਅ**

***ਹਵਾ ਦਾ ਵਾਤਾਵਰਣ***
ਉਸਾਰੀ ਦੇ ਪੜਾਅ ਦੌਰਾਨ, ਖੁਦਾਈ ਅਤੇ ਭਰਾਈ, ਕੱਚੇ ਮਾਲ ਅਤੇ ਕਚਰੇ ਦੀ ਢੋਆ ਢੋਆਈ, ਉਸਾਰੀ ਵਾਲੇ ਵਾਹਨਾਂ ਦੀ ਆਵਾਜਾਈ, ਉਸਾਰੀ ਵਾਲੀ ਮਸ਼ੀਨਰੀ ਅਤੇ ਉਪਕਰਣ ਦੀ ਅਪਰੇਸ਼ਨ ਅਤੇ ਡੀਜੀ ਸੈਟਾਂ ਦੇ ਅਪਰੇਸ਼ਨ ਸਮੇਤ ਪ੍ਰੋਜੈਕਟ ਦੀਆਂ ਵੱਖ-ਵੱਖ ਗਤੀਵਿਧੀਆਂ ਦੇ ਕਾਰਣ ਉਸਾਰੀ/ਇੰਸਟਾਲੇਸ਼ਨ ਦੇ ਪੜਾਅ ਦੌਰਾਨ ਇਸ ਖੇਤਰ ਵਿੱਚ ਹਵਾ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ। ਇਸ ਨੂੰ ਘੱਟ ਕਰਨ ਲਈ, ਪਾਣੀ ਦਾ ਛਿੜਕਾਅ ਕੀਤਾ ਜਾ ਸਕਦਾ ਹੈ। ਕੱਚੇ ਮਾਲ/ ਮਲਬੇ/ਖੁਦਾਈ ਵਾਲੇ ਕਚਰੇ ਦਾ ਉਚਿਤ ਤਰੀਕੇ ਨਾਲ ਢੇਰ ਲਗਾਇਆ ਜਾਏਗਾ ਅਤੇ ਇਸ ਨੂੰ ਨਿਰਧਾਰਤ ਖੇਤਰਾਂ/ਸਟੋਰੇਜ਼ ਵਾਲੀਆਂ ਥਾਵਾਂ 'ਤੇ ਕਵਰ ਕੀਤੇ ਜਾਣ ਵਾਲੀਆਂ ਸ਼ਰਤਾਂ ਅਨੁਸਾਰ ਕਵਰ ਕੀਤਾ ਜਾਏਗਾ। ਮਲਬਾ/ਕਚਰੇ ਨੂੰ ਨਿਯਮਿਤ ਸਟੋਰੇਜ/ਨਸ਼ਟ ਕਰਨ ਲਈ ਸਾਈਟ ਤੋਂ ਨਿਯਮਿਤ ਰੂਪ ਵਿੱਚ ਹਟਾਇਆ ਜਾਏਗਾ। ਸਥਾਨਕ ਤੌਰ 'ਤੇ ਉਪਲਬਧ ਕੱਚੇ ਮਾਲ ਦੀ ਜ਼ਿਆਦਾਤਰ ਵਰਤੋਂ ਕੀਤੀ ਜਾਏਗੀ। ਉਸਾਰੀ ਕਰਨ ਵਾਲੇ ਕਾਮਿਆਂ ਨੂੰ ਮਾਸਕ ਪ੍ਰਦਾਨ ਕੀਤੇ ਜਾਣਗੇ।

ਅਪਰੇਸ਼ਨ ਦੇ ਫੇਜ਼ ਦੌਰਾਨ,

ਪ੍ਰੋਜੈਕਟ ਦੇ ਅਪਰੇਸ਼ਨ ਫੇਜ਼ ਦੌਰਾਨ ਹਵਾ ਨੂੰ ਪ੍ਰਦੂਸ਼ਿਤ ਕਰਨ ਦੇ ਵੱਖ-ਵੱਖ ਸਰੋਤ ਹੁੰਦੇ ਹਨ ਜਿਹੜੇ ਵਾਤਾਵਰਣ ਨੂੰ ਸਿੱਧਿਆਂ ਜਾਂ ਅਸਿੱਧਿਆਂ ਪ੍ਰਭਾਵਿਤ ਕਰ ਸਕਦੇ ਹਨ। ਇਸ ਪ੍ਰੋਜੈਕਟ ਤੋਂ ਹੋਣ ਵਾਲੀ ਨਿਕਾਸੀ ਦੇ ਪ੍ਰਮੁੱਖ ਨਿਰੰਤਰ ਸਰੋਤ ਵਿੱਚ $PM_{10}$, $PM_{2.5}$, $NO_x$, CO, $SO_2$, HCl, HBr, $Cl_2$ ਦੀ ਪਛਾਣ ਕੀਤੀ ਗਈ ਹੈ। ਪ੍ਰਸਤਾਵਿਤ ਪ੍ਰੋਜੈਕਟ ਵਿੱਚ ਪ੍ਰਸਤਾਵਿਤ ਗਤੀਵਿਧੀਆਂ ਹੋਣ ਕਾਰਣ GLC ਵਿੱਚ ਹਲਕਾ ਜਿਹਾ ਵਾਧਾ ਹੋਵੇਗਾ। ਹਵਾ ਦੀ ਉੱਪਰ ਵੱਲ ਦੀ ਦਿਸ਼ਾ ਵਾਲੀਆਂ ਨੇੜਲੀਆਂ ਥਾਵਾਂ ਹਨ ਕਬੂਲਪੁਰ ਪਿੰਡ ਜੋ ਕਿ ਪ੍ਰੋਜੈਕਟ ਦੀ ਸਾਈਟ 'ਤੋਂ ਪੱਛਮਦੱਖਣਪੱਛਮ ਦੀ ਦਿਸ਼ਾ ਵਿੱਚ 1.28 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਸਲੇਮਪੁਰ ਉੱਤਰਪੱਛਮ ਦੀ ਦਿਸ਼ਾ ਵਿੱਚ 1.63 ਕਿਲੋਮੀਟਰ ਦੀ ਦੂਰੀ 'ਤੇ ਹੈ, ਹੇਠਾਂ ਵੱਲ ਦੀ ਦਿਸ਼ਾ ਨੇੜਲੀਆਂ ਥਾਵਾਂ ਹਨ ਮਿਰਜਾਪੁਰ ਜੋ ਪ੍ਰੋਜੈਕਟ ਦੀ ਸਾਈਟ ਤੋਂ ਪੂਰਬ ਦਿਸ਼ਾ ਵਿੱਚ 1.63 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਨਨਹੇੜੀ ਜੋ ਕਿ ਪ੍ਰੋਜੈਕਟ ਦੀ ਸਾਈਟ ਤੋਂ ਦੱਖਣਪੂਰਬ ਵੱਲ 4.21 ਕਿਲੋਮੀਟਰ ਦੀ ਦੂਰੀ 'ਤੇ ਹੈ। ਘੱਟ ਕਰਨ ਦੇ ਉਪਾਵਾਂ ਵਜੋਂ ਏਪੀਸੀਐਸ ਵਰਗੇ ਉਪਾਅ ਜਿਵੇਂ ਚੱਕਰਵਾਤ ਅਤੇ ਗਿੱਲੇ ਸਕਰੱਬਰਜ਼ ਵਾਲੇ ਬੈਗ ਫਿਲਟਰ, ਢੇਰ ਦੀਆਂ ਢੁਕਵੀਆਂ ਉਚਾਈਆਂ, ਕਵਰ ਕੀਤੇ ਗਏ ਟਰੱਕ, ਦਿਨ ਵੇਲੇ ਲੋਡਿੰਗ ਅਤੇ ਅਨਲੋਡਿੰਗ, ਪਾਣੀ ਦਾ ਛਿੜਕਾਅ, ਗਰੀਨ ਬੈਲਟ ਦਾ ਵਿਕਾਸ, ਵਰਕਰਾ ਲਈ ਪੀਪੀਈ ਆਦਿ ਦਾ ਸੁਝਾਅ ਦਿੱਤਾ ਗਿਆ ਹੈ। ਇਸ ਲਈ ਨਜ਼ਦੀਕੀ ਨਿਵਾਸ 'ਤੇ ਪ੍ਰਸਤਾਵਿਤ ਪ੍ਰੋਜੈਕਟ ਦੇ ਵਿਸਤਾਰ ਦੇ ਕਿਸੇ ਵੀ ਵੱਡੇ ਪ੍ਰਭਾਵ ਦਾ ਅਨੁਮਾਨ ਨਹੀਂ ਲਗਾਇਆ ਗਿਆ ਹੈ।

***ਸ਼ੋਰ ਵਾਲਾ ਵਾਤਾਵਰਣ***
ਉਸਾਰੀ ਦੇ ਫੇਜ਼ ਦੌਰਾਨ, ਪ੍ਰੋਜੈਕਟ ਦੀ ਉਸਾਰੀ ਦੇ ਫੇਜ਼ ਦੌਰਾਨ ਸ਼ੋਰ ਦਾ ਸਰੋਤ ਉਸਾਰੀ ਕਰਨ ਦੀਆਂ ਗਤੀਵਿਧੀਆਂ ਤੋਂ ਹੋਵੇਗਾ ਜਿਵੇਂ ਕਿ ਸਾਈਟ ਨੂੰ ਪੱਧਰਾ ਕਰਨ, ਨੀਂਹਾਂ; ਉਸਾਰੀ ਵਾਲੀ ਮਸ਼ੀਨਰੀ ਦਾ ਅਪਰੇਸ਼ਨ ਜਿਵੇਂ ਕਿ ਮਸ਼ੀਨਰੀ ਅਤੇ ਦੂਜੀਆਂ

ਗਤੀਵਿਧੀਆਂ। ਇਸ ਦੇ ਨਾਲ ਨਾਲ, ਮਾਲ ਲਿਜਾਉਣ ਵਾਲੀਆਂ ਗੱਡੀਆਂ ਦੀ ਆਵਾਜਾਈ, ਲੋਡਿੰਗ ਅਤੇ ਅਨਲੋਡਿੰਗ ਦੀਆਂ ਗਤੀਵਿਧੀਆਂ, ਡੀਜੀ ਸੈਟ ਦੇ ਅਪਰੇਸ਼ਨ, ਆਦਿ ਤੋਂ ਸ਼ੋਰ ਪੈਦਾ ਹੋਵੇਗਾ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਚਾਰਦੀਵਾਰੀ ਕਰਨ ਤੋਂ ਇਲਾਵਾ, ਸ਼ੋਰ ਦੇ ਪ੍ਰਵੇਸ਼ ਦੇ ਲੈਵਲਾਂ ਨੂੰ ਕਾਇਮ ਰੱਖਣ ਲਈ ਸ਼ੋਰ ਦੇ ਨਜ਼ਦੀਕੀ ਸਰੋਤ ਦੇ ਸਥਾਨਾਂ 'ਤੇ ਹੇਠਾਂ ਦਿੱਤੇ ਗਏ ਕੰਟਰੋਲ ਉਪਾਅ ਅਪਣਾਏ ਜਾਣਗੇ। ਉਸਾਰੀ ਦੀ ਗਤੀਵਿਧੀ ਜ਼ਿਆਦਾਤਰ ਦਿਨ ਦੇ ਸਮੇਂ ਦੌਰਾਨ ਕੀਤੀ ਜਾਏਗੀ। ਸ਼ੋਰ ਪੈਦਾ ਕਰਨ ਵਾਲੇ ਟਰਾਂਸਪੋਰਟ ਦੇ ਵਾਹਨਾ ਦਾ ਉਚਿਤ ਰੱਖਰਖਾਅ ਕੀਤਾ ਜਾਏਗਾ। ਸ਼ੋਰ ਦੇ ਲੈਵਲਾਂ ਨੂੰ ਘਟਾਉਣ ਲਈ ਹੈਵੀ ਅਰਥ ਵਾਹਨਾਂ ਦੇ ਨਿਯਮਿਤ ਰੱਖਰਖਾਅ ਨੂੰ ਅਪਣਾਇਆ ਜਾ ਸਕਦਾ ਹੈ। ਮਾਲ ਲੋਡ ਅਤੇ ਅਨਲੋਡ ਕਰਨ ਤੋਂ ਹੋਣ ਵਾਲੇ ਸ਼ੋਰ ਦੇ ਲੈਵਲ ਨੂੰ ਵੱਖ-ਵੱਖ ਕਿਸਮ ਦੀਆਂ ਟਰੇਨਾਂ ਦੀ ਵਰਤੋਂ ਕਰਕੇ ਅਤੇ ਰੇਤ ਜਾਂ ਰੇਤ ਦੀਆਂ ਬੋਰੀਆਂ ਵਾਲੇ ਬੈਡਾਂ 'ਤੇ ਮਾਲ ਰੱਖ ਕੇ ਘਟਾਇਆ ਜਾਏਗਾ।
ਅਪਰੇਸ਼ਨ ਫੇਜ਼ ਦੇ ਦੌਰਾਨ, ਪ੍ਰਸਤਾਵਿਤ ਪ੍ਰੋਜੈਕਟ ਵਿੱਚ ਸ਼ੋਰ ਦੀ ਉਤਪਤੀ ਦੇ ਮੁੱਖ ਸਰੋਤ ਹਨ ਆਈਡੀ ਫੈਨਜ਼ ਦੀਆਂ ਵੱਖ-ਵੱਖ ਕਿਸਮਾਂ, ਬੋਇਲਰ, ਪੰਪ ਅਤੇ ਕੰਪ੍ਰੈਸਰ, ਡੀਜੀ ਸੈਟਾਂ, ਆਦਿ ਹਨ, ਜਿਹੜੇ ਸ਼ੋਰ ਪੈਦਾ ਕਰਦੇ ਹਨ। ਇਸ ਕਾਰਨ ਪ੍ਰੋਜੈਕਟ ਦੇ ਨੇੜੇ ਰਹਿਣ ਵਾਲੇ ਲੋਕਾਂ ਵਿਚਕਾਰ ਪਰੇਸ਼ਾਨੀ ਪੈਦਾ ਕਰ ਸਕਦਾ ਹੈ। ਘੱਟ ਕਰਨ ਲਈ ਅਪਣਾਏ ਜਾਣ ਵਾਲੇ ਉਪਾਵਾਂ ਵਿੱਚ ਸ਼ਾਮਲ ਹੋਣਗੇ: ਸ਼ੋਰ ਦੇ ਮਿਆਰਾਂ ਨੂੰ ਪੂਰਾ ਕਰਨ ਵਾਲੇ ਉਪਕਰਣਾਂ ਦੀ ਵਰਤੋਂ ਕਰਨਾ, ਲੋੜੀਂਦੀਆਂ ਥਾਵਾਂ 'ਤੇ ਧੁਨੀ ਵਾਲੇ ਆਹਾਤੇ ਅਤੇ ਮਫਲਰ, ਭਾਰੀ ਮਸ਼ੀਨਰੀ ਵਾਲੇ ਖੇਤਰਾਂ ਵਿੱਚ ਕੰਪਨ ਵਾਲੇ ਪੈਡ ਅਤੇ ਫਾਊਂਡੇਸ਼ਨ, ਸ਼ੋਰ ਪੈਦਾ ਕਰਨ ਵਾਲੀਆਂ ਇਕਾਈਆਂ ਦੀ ਇੰਸੂਲੇਸ਼ਨ ਜਿਵੇਂ ਬੰਦ ਦਰਵਾਜਿਆਂ ਨਾਲ ਮਸ਼ੀਨਰੀ ਵਾਲਾ ਖੇਤਰ, ਅਲੱਗ ਕੈਬਿਨਾਂ ਦਾ ਪ੍ਰਾਵਧਾਨ ਅਤੇ ਈਅਰਮੱਫਜ਼ ਦੀ ਵਰਤੋਂ, ਚੰਗੀ ਤਰ੍ਹਾਂ ਵਿਕਸਿਤ ਸੜਕਾਂ, ਸੜਕਾਂ ਦਾ ਉਚਿੱਤ ਅਤੇ ਸਮਾਂਬੱਧ ਰੱਖਰਖਾਅ ਅਤੇ ਗਰੀਨ ਬੈਲਟ ਦਾ ਪ੍ਰਾਵਧਾਨ।

***ਜਲ ਵਾਤਾਵਰਣ***
ਉਸਾਰੀ ਦੇ ਫੇਜ਼ ਦੌਰਾਨ, ਇੰਸਟਾਲੇਸ਼ਨ ਦੌਰਾਨ/ਉਸਾਰੀ ਦੇ ਉਦੇਸ਼ ਲਈ ਲੇਬਰ ਨੂੰ ਪੀਣ ਵਾਲਾ ਪਾਣੀ, ਸੈਨੀਟੇਸ਼ਨ ਵਰਗੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਪਾਣੀ ਦੀ ਲੋੜ ਉਸਾਰੀ ਕਾਮਿਆਂ ਅਤੇ ਸਟਾਫ ਦੇ ਘਰੇਲੂ ਉਦੇਸ਼ ਅਤੇ ਉਸਾਰੀ ਦੀਆਂ ਗਤੀਵਿਧੀਆਂ ਚਲਾਉਣ, ਸੰਰਚਨਾਵਾਂ ਨੂੰ ਪਾਣੀ ਦੇਣ, ਸਮੱਗਰੀ ਨੂੰ ਮਿਲਾਉਣ ਆਦਿ ਲਈ ਹੋਵੇਗੀ। ਹਰ ਰੋਜ਼ ਵੱਧ ਤੋਂ ਵੱਧ 50 ਸਥਾਨਕ ਮਜ਼ਦੂਰ ਕੰਮ ਕਰਨਗੇ। ਪਾਣੀ ਵੀ ਵਰਤੋਂ ਆਸ ਪਾਸ ਦੀ ਪਾਣੀ ਦੀ ਮੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਸਾਰੀ ਦਾ ਕੰਮ ਕੇਵਲ 1-2 ਸਾਲ ਲਈ ਹੀ ਜਾਰੀ ਰਹੇਗਾ; ਇਸ ਲਈ, ਇਸ ਪ੍ਰਭਾਵ ਦੇ ਹੋਣ ਦਾ ਕੁੱਝ ਸਮੇਂ ਲਈ ਹੀ ਲਗਾਇਆ ਜਾ ਸਕਦਾ ਹੈ। ਖਰਾਬ ਪਾਣੀ ਦੀ ਨਿਕਾਸੀ ਸਤ੍ਹਾ ਜਾਂ ਜ਼ਮੀਨੀ ਪਾਣੀ ਵਿੱਚ ਨਹੀਂ ਕੀਤੀ ਜਾਏਗੀ। ਇਸ ਪ੍ਰਕਾਰ, ਉਸਾਰੀ ਦੇ ਫੇਜ਼ ਦੌਰਾਨ ਪਾਣੀ ਦੀ ਗੁਣਵੱਤਾ 'ਤੇ ਕਿਸੇ ਵੀ ਪ੍ਰਭਾਵ ਦੀ ਕਲਪਨਾ ਨਹੀਂ ਕੀਤੀ ਜਾਂਦੀ ਹੈ। ਹਾਲਾਂਕਿ, ਸਾਈਟ 'ਤੇ ਪਾਣੀ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਸਾਰੇ ਮਿਆਰੀ ਅਭਿਆਸ ਅਪਣਾਏ ਜਾਣਗੇ।

ਅਪਰੇਸ਼ਨ ਦੇ ਫੇਜ਼ ਦੌਰਾਨ,

ਪ੍ਰੋਜੈਕਟ ਦੀ ਪ੍ਰਸਤਾਵਿਤ ਸਕੀਮ ਜ਼ੀਰੋ ਤਰਲ ਡਿਸਚਾਰਜ਼ ਸਕੀਮ 'ਤੇ ਆਧਾਰਿਤ ਹੈ। ਇਸ ਲਈ ਪਲਾਂਟ ਦੀ ਚਾਰਦੀਵਾਰੀ ਤੋਂ ਬਾਹਰ ਕੋਈ ਵੀ ਖਰਾਬ ਪਾਣੀ ਨਹੀਂ ਨਿਕਾਲਿਆ ਜਾਏਗਾ। ਛੱਤਾਂ ਉੱਪਰੋਂ ਮੀਂਹ ਦੇ ਪਾਣੀ ਨੂੰ ਮੀਂਹ ਦਾ ਪਾਣੀ ਇਕੱਤਰ ਕਰਨ ਵਾਲੇ ਟੈਂਕਾਂ ਵਿੱਚ ਪਾਇਆ ਜਾਏਗਾ। ਛੱਤ ਦਾ ਮੀਂਹ ਵਾਲਾ ਪਾਣੀ ਟੈਂਕਾਂ ਵਿੱਚ ਇਕੱਤਰ ਕੀਤਾ ਜਾਏਗਾ ਅਤੇ ਲੋੜ ਅਨੁਸਾਰ ਇਸ ਦੀ ਫਿਲਟਰੇਸ਼ਨ ਤੋਂ ਬਾਅਦ ਵਰਤੋਂ ਕੀਤੀ ਜਾਏਗੀ। ਇਸ ਨਾਲ ਤਾਜ਼ੇ ਪਾਣੀ ਦੀ ਮੰਗ ਵਿੱਚ ਕਮੀ ਆਏਗੀ। ਇਸ ਪ੍ਰਕਾਰ, ਪ੍ਰਸਤਾਵਿਤ ਪ੍ਰੋਜੈਕਟ ਦੇ ਕਾਰਣ ਪਾਣੀ ਦੇ ਵਾਤਾਵਰਣ 'ਤੇ ਕੋਈ ਵੀ ਵੱਡਾ ਪ੍ਰਭਾਵ ਨਹੀਂ ਪਏਗਾ।

ਪਾਣੀ ਦੀ ਗੁਣਵੱਤਾ ਲਈ ਚੁੱਕੇ ਗਏ ਕਦਮਾਂ ਵਿੱਚ ਘਰੇਲੂ ਖਰਾਬ ਪਾਣੀ ਦੇ ਉਪਚਾਰ ਲਈ ਐਸਟੀਪੀ ਦਾ ਪ੍ਰਾਵਧਾਨ ਅਤੇ ਉਪਚਾਰਿਤ ਪਾਣੀ ਦੀ ਮੁਕੰਮਲ ਮੁੜ ਵਰਤੋਂ, ਹਾਈ ਸੀਓਡੀ/ ਹਾਈ ਟੀਡੀਐਸ ਵਾਲੇ ਖਰਾਬ ਪਾਣੀ ਲਈ ਐਮਈਈ ਅਤੇ ਏਟੀਐਫਡੀ, ਘੱਟ ਸੀਓਡੀ/ ਘੱਟ ਟੀਡੀਐਸ ਵਾਲੇ ਖਰਾਬ ਪਾਣੀ ਦੇ ਉਪਚਾਰ ਲਈ ਈਟੀਪੀ ਅਤੇ ਆਰਓ ਅਤੇ ''ਜ਼ੀਰੋ ਤਰਲ ਡਿਸਚਾਰਜ'' ਨੂੰ ਬਰਕਰਾਰ ਰੱਖਦੇ ਹੋਏ ਉਪਚਾਰਿਤ ਪਾਣੀ ਦੀ ਮੁਕੰਮਲ ਮੁੜ ਵਰਤੋਂ, ਖਰਾਬ ਪਾਣੀ/ਪ੍ਰਵਾਹ ਵਾਲੇ ਟਰੀਟਮੈਂਟ ਸਿਸਟਮ ਦਾ ਨਿਯਮਿਤ ਰੱਖਰਖਾਵ, ਸੌਲਵੈਂਟ ਰਿਕਵਰੀ ਪਲਾਂਅ ਦਾ ਪ੍ਰਾਵਧਾਨ, ਉਪਚਾਰਿਤ ਪਾਣੀ ਦੀ ਔਨਲਾਈਨ ਮੋਨੀਟਰਿੰਗ ਅਤੇ ਪੀਪੀਸੀਬੀ ਅਤੇ ਸੀਪੀਸੀਬੀ ਨਾਲ ਕਨੈਕਟੀਵਿਟੀ ਅਤੇ ਮੀਂਹ ਵਾਲੇ ਪਾਣੀ ਅਤੇ ਵਗਣ ਵਾਲੇ ਪਾਣੀ ਦੀਆਂ ਵੱਖ-ਵੱਖ ਲਾਈਨਾਂ।

***ਕਚਰਾ ਪ੍ਰਬੰਧਨ***
ਉਸਾਰੀ ਦੇ ਫੇਜ਼ ਦੌਰਾਨ, ਰੇਤ, ਬਜਰੀ, ਕੰਕਰੀਟ, ਪੱਥਰ, ਇੱਟਾਂ, ਲੱਕੜੀ, ਧਾਤੂ, ਸ਼ੀਸ਼ਾ, ਪੋਲੀਥੀਨ ਸ਼ੀਟਾਂ, ਪਲਾਸਟਿਕ, ਕਾਗਜ ਆਦਿ ਦਾ ਬਣਨਾ ਕਚਰਾ ਹੁੰਦਾ ਹੈ। ਉਸਾਰੀ ਦੀਆਂ ਗਤੀਵਿਧੀਆਂ ਦੌਰਾਨ ਵੱਖ-ਵੱਖ ਅਪਰੇਸ਼ਨ ਠੋਸ ਕਚਰੇ ਦੀ ਪੂਰੀ ਸਟਰੀਮ ਵਿੱਚ ਵੱਖ-ਵੱਖ ਬਣਤਰਾਂ ਦੀ ਅਗਵਾਈ ਕਰਦੀਆਂ ਹਨ ਅਤੇ ਸਾਈਟ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਪ੍ਰਕਾਰ, ਇਸ ਕਚਰੇ ਨੂੰ ਇਕੱਠਾ ਕਰਨ, ਵੱਖ-ਵੱਖ ਕਰਨ ਅਤੇ ਇਸ ਪ੍ਰਕਾਰ ਨਸ਼ਟ ਕਰਨ ਦੀ ਲੋੜ ਹੁੰਦੀ ਹੈ ਕਿ ਇਹ ਹਵਾ, ਪਾਣੀ ਅਤੇ ਮਿੱਟੀ ਵਾਲੇ ਵਾਤਾਵਰਣ ਨਾਲ ਮਿਕਸ ਨਾ ਹੋਵੇ ਜਾਂ ਇਸ ਨੂੰ ਪ੍ਰਦੂਸ਼ਿਤ ਨਾ ਕਰੇ। ਖੁਦਾਈ ਕੀਤੀ ਗਈ ਉਪਰਲੀ ਮਿੱਟੀ ਦੀ ਵਰਤੋਂ ਬੈਕਫਿਲਿੰਗ/ ਗਰੀਨਬੈਲਟ ਦੇ ਵਿਕਾਸ ਅਤੇ ਪੌਦੇ ਲਗਾਉਣ ਲਈ ਕੀਤੀ ਜਾਏਗੀ। ਮਿਊਂਸਪਲ ਕਚਰਾ ਬਹੁਤ ਹੀ ਘੱਟ ਹੋਵੇਗਾ ਕਿਉਂਕਿ ਉਸਾਰੀ ਕਰਨ ਵਾਲੀ ਜ਼ਿਆਦਾਤਰ ਮੈਨਪਾਵਰ ਨੇੜਲੇ ਇਲਾਕਿਆਂ ਤੋਂ ਆਏਗੀ ਅਤੇ ਕੰਸਟ੍ਰਕਸ਼ਨ ਕੈਂਪ ਦਾ ਸੁਝਾਅ ਨਹੀਂ ਦਿੱਤਾ ਗਿਆ ਹੈ। ਪੈਦਾ ਹੋਣ ਵਾਲੇ ਕਚਰੇ ਨੂੰ ਇਕੱਤਰ ਕੀਤਾ ਜਾਏਗਾ ਅਤੇ ਵੱਖ-ਵੱਖ ਕੀਤਾ ਜਾਏਗਾ ਅਤੇ ਢੁਕਵੇਂ ਤਰੀਕੇ ਨਾਲ ਨਸ਼ਟ ਕੀਤਾ ਜਾਏਗਾ। ਇਸ ਪ੍ਰਕਾਰ ਪ੍ਰਭਾਵ ਬਹੁਤ ਘੱਟ ਹੋਣਗੇ ਅਤੇ ਕੇਵਲ ਥੋੜ੍ਹੀ ਜਿਹੀ ਅਵਧੀ ਲਈ ਹੋਣਗੇ। ਇਹ ਪ੍ਰਭਾਵ ਕੇਵਲ ਉਸਾਰੀ ਵਾਲੇ ਸਥਾਨ ਤੱਕ ਹੀ ਸੀਮਿਤ ਰਹਿਣਗੇ ਅਤੇ ਆਸ ਪਾਸ 'ਤੇ ਕਿਸੇ ਵੀ ਪ੍ਰਤਿਕੂਲ ਪ੍ਰਭਾਵ ਦਾ ਅਨੁਮਾਨ ਨਹੀਂ ਲਗਾਇਆ ਗਿਆ ਹੈ। ਜਿਵੇਂ ਹੀ ਉਸਾਰੀ ਦਾ ਕੰਮ ਸਮਾਪਤ ਹੋਵੇਗਾ, ਸਾਈਟ ਤੋਂ ਸਾਰੇ ਕਚਰੇ ਨੂੰ ਨਿਯਾਮਿਕ ਲੋੜਾਂ, ਜੇਕਰ ਕੋਈ ਹੋਣ, ਨੂੰ ਪੂਰਾ ਕਰਦੇ ਹੋਏ, ਸਾਫ ਕੀਤਾ ਜਾਏਗਾ।

ਅਪਰੇਸ਼ਨ ਫੇਜ਼ ਦੇ ਦੌਰਾਨ, ਉਤਪਾਦਨ ਦੀ ਪ੍ਰਕਿਰਿਆ ਅਤੇ ਦੂਜੀਆਂ ਗਤੀਵਿਧੀਆਂ ਤੋਂ ਵੱਖ-ਵੱਖ ਕਿਸਮ ਦੇ ਖਤਰਨਾਕ ਅਤੇ ਗੈਰ-ਖਤਰਨਾਕ ਕਚਰੇ ਪੈਦਾ ਹੋਣਗੇ। ਉਹ ਕਚਰੇ ਜਿਹੜੇ ਖਤਰਨਾਕ ਹੁੰਦੇ ਹਨ ਉਹ ਨੁਕਸਾਨ ਪੁਜਾ ਸਕਦੇ ਹਨ ਜੇਕਰ ਚਮੜੀ ਅਤੇ ਗਾਰੇ ਦੇ ਸੰਪਰਕ ਵਿੱਚ ਆਉਂਦੇ ਹਨ ਅਤੇ ਪਰੇਸ਼ਾਨੀ ਦਾ ਕਾਰਣ ਬਣ ਸਕਦੇ ਹਨ ਜੇਕਰ ਸਹੀ ਤਰ੍ਹਾਂ ਨਾ ਰੱਖਿਆ ਜਾਏ। ਪ੍ਰਸਤਾਵਿਤ ਪਲਾਂਟ ਦੇ ਕਾਰਣ, ਐਸਟੀਪੀ ਅਤੇ ਈਟੀਪੀ ਗਾਰਾ, ਐਮਈਈ ਨਮਕ, ਡੀਜੀ ਸੈਟਾਂ ਕਾਰਣ ਵਰਤਿਆ ਹੋਇਆ ਤੇਲ

ਅਤੇ ਸੁਆਹ ਪੈਦਾ ਹੋਣਗੇ। ਪਲਾਂਟ ਦੇ ਖੇਤਰ ਅੰਦਰ ਖਤਰਨਾਕ/ਗੈਰ-ਖਤਰਨਾਕ/ਮਿਊਂਸਪਲ ਲਈ ਪੱਕੇ ਵੱਖਰੇ ਸਟੋਰੇਜ਼ ਖੇਤਰ ਪ੍ਰਦਾਨ ਕੀਤੇ ਜਾਣਗੇ। ਖਤਰਨਾਕ ਕਚਰੇ ਨੂੰ ਸੀਐਚਡਬਲਿਊਟੀਐਸਡੀਐਫ ਸਾਈਟ 'ਤੇ ਭੇਜਿਆ ਜਾਏਗਾ ਜਦੋਂ ਕਿ ਦੂਜੇ ਠੋਸ ਕਚਰਿਆਂ ਨੂੰ ਰੀਸਾਈਕਲ ਯੋਗ/ ਵਿੱਕਰੀ ਯੋਗ ਅਤੇ ਨਾ-ਵਿੱਕਰੀ ਯੋਗ/ਨਾ-ਰੀਸਾਈਕਲਯੋਗ ਕਚਰੇ ਵਿੱਚ ਅਲੱਗ ਅਲੱਗ ਕੀਤਾ ਜਾਏਗਾ। ਵਿੱਕਰੀਯੋਗ/ਰੀਸਾਈਕਲ ਹੋਣ ਵਾਲੇ ਕਚਰੇ ਨੂੰ ਮਾਨਤਾ ਪ੍ਰਾਪਤ ਰੀਸਾਈਕਲਰ/ ਵਿਕ੍ਰੇਤਾ ਕੋਲ ਭੇਜਿਆ ਜਾਏਗਾ ਅਤੇ ਨਾ-ਵਿੱਕਰੀਯੋਗ/ਨਾ-ਰੀਸਾਈਕਲਯੋਗ ਕਚਰੇ ਨੂੰ ਸੀਐਚਡਬਲਿਊਟੀਐਸਡੀਐਫ ਕੋਲ ਭੇਜਿਆ ਜਾਏਗਾ। ਕਚਰੇ ਨੂੰ ਖਤਰਨਾਕ ਅਤੇ ਦੂਜੇ ਕਚਰੇ (ਪ੍ਰਬੰਧਨ ਅਤੇ ਟ੍ਰਾਂਸਬਾਊਂਡਰੀ ਮੂਵਮੈਂਟ) ਦੇ ਸੋਧ ਨਿਯਮਾਂ, 2021 ਅਨੁਸਾਰ ਨਸ਼ਟ ਕੀਤਾ ਜਾਏਗਾ। ਈਟੀਪੀ ਦੇ ਗਾਰੇ ਅਤੇ ਐਮਈਈ ਨਮਕ ਨੂੰ ਅਸਥਾਈ ਤੌਰ 'ਤੇ ਸਾਈਟ 'ਤੇ ਇੱਕ ਵੱਖਰੇ ਕਮਰੇ ਵਿੱਚ ਸਟੋਰ ਕੀਤਾ ਜਾਏਗਾ ਅਤੇ ਨਸ਼ਟ ਕਰਨ ਲਈ ਟੀਐਸਡੀਐਫ ਕੋਲ ਭੇਜਿਆ ਜਾਏਗਾ। ਕਚਰੇ ਦੀ ਉਤਪਤੀ ਨੂੰ ਘਟਾਉਣ ਲਈ ਸੋਲਵੈਂਟ ਰਿਕਵਰੀ ਪਲਾਂਟ ਲਗਾਇਆ ਜਾਏਗਾ। ਖਰਾਬ ਤੇਲ ਨੂੰ ਲੀਕ ਨਾ ਹੋਣ ਵਾਲੇ ਸਟੀਲ ਦੇ ਡਰੰਮਾਂ ਵਿੱਚ ਇਕੱਠਾ ਕੀਤਾ ਅਤੇ ਸਟੋਰ ਕੀਤਾ ਜਾਏਗਾ। ਇਸ ਨੂੰ ਵੀ ਖਤਰਨਾਕ ਅਤੇ ਦੂਜੇ ਕਚਰੇ (ਪ੍ਰਬੰਧਨ ਅਤੇ ਟ੍ਰਾਂਸਬਾਊਂਡਰੀ ਮੂਵਮੈਂਟ) ਦੇ ਸੋਧ ਨਿਯਮਾਂ, 2021 ਅਨੁਸਾਰ ਨਸ਼ਟ ਕੀਤਾ ਜਾਏਗਾ। ਬਾਗਵਾਨੀ ਦੇ ਉਦੇਸ਼ਾਂ ਲਈ ਗਲਣਯੋਗ ਕਚਰੇ ਦੀ ਰੂੜੀ ਬਣਾਉਣ ਲਈ ਇਸ ਨੂੰ ਐਮਐਸਡਬਲਿਊ ਡਿਸਪੋਜ਼ਲ ਕਿੱਟ ਵਿੱਚ ਨਸ਼ਟ ਕੀਤਾ ਜਾਏਗਾ, ਰੀਸਾਈਕਲ ਕਰਨ ਯੋਗ ਕਚਰੇ ਨੂੰ ਅਧੀਕ੍ਰਿਤ ਵਿਕਰੇਤਾਵਾਂ ਨੂੰ ਵੇਚਿਆ ਜਾਏਗ, ਠੋਸ ਕਚਰਾ ਪ੍ਰਬੰਧਨ (ਸੋਧ) ਨਿਯਮ, 2020 ਦੀ ਪਾਲਣਾ ਕੀਤੀ ਜਾਏਗੀ। ਹੈਲਥ ਸੈਂਟਰ ਤੋਂ ਬਾਇਓ-ਮੈਡੀਕਲ ਕਚਰੇ ਨੂੰ ਬਾਇਓ-ਮੈਡੀਕਲ ਕਚਰੇ ਦੇ ਮਾਨਤਾ ਪ੍ਰਾਪਤ ਹੈਂਡਲਰ ਨੂੰ ਦਿੱਤਾ ਜਾਏਗਾ। ਉਡਣ ਵਾਲੀ ਸੁਆਹ ਇੱਟ ਦੇ ਨਿਰਮਾਤਾ ਨੂੰ ਦਿੱਤੀ ਜਾਏਗੀ। ਕਚਰੇ ਨੂੰ ਘੱਟ ਕਰਨ ਲਈ ਉਪਾਅ ਕੀਤੇ ਜਾਣਗੇ। ਸਾਈਟ 'ਤੇ ਹਰ ਸਾਲ ਕਚਰੇ ਦਾ ਆਡਿਟ ਕੀਤਾ ਜਾਏਗਾ। ਇਸ ਲਈ ਪ੍ਰਸਤਾਵਿਤ ਪ੍ਰੋਜੈਕਟ ਦੇ ਕਾਰਣ ਆਸ ਪਾਸ ਦੇ ਵਾਤਾਵਰਣ 'ਤੇ ਕੋਈ ਵੀ ਵੱਡਾ ਪ੍ਰਭਾਵ ਨਹੀਂ ਪਏਗਾ।

***<u>ਭੂਮੀ ਦਾ ਵਾਤਾਵਰਣ</u>***

ਉਸਾਰੀ ਦੇ ਫੇਜ਼ ਦੌਰਾਨ, ਪ੍ਰੋਜੈਕਟ ਦੀ ਸਾਈਟ ਦੀ ਭੂਮੀ ਦੀ ਵਰਤੋਂ ਨੂੰ ਬਦਲਿਆ ਗਿਆ ਹੈ ਅਤੇ ਇਸ ਨੂੰ ਅਧਿਸੂਚਿਤ ਮਾਸਟਰ ਪਲਾਨ, ਰਾਜਪੁਰਾ ਦੀ ਮੀਮੋ ਸੰਖਿਆ 1060–ਐਸਟੀਪੀ(ਪੀ)/ਐਸਪੀ–327 ਮਿਤੀ 15-04–2021 ਵਿੱਚ ਇੰਡਸਟ੍ਰੀਅਲ ਭੂਮੀ ਦੀ ਵਰਤੋਂ ਵਾਲਾ ਜ਼ੋਨ ਮੰਨਿਆ ਗਿਆ ਹੈ। ਇਹ ਲੈਂਡ ਕਵਰ ਖਾਲੀ ਭੂਮੀ ਤੋਂ ਇੰਡਸਟਰੀ ਵਿੱਚ ਬਦਲ ਜਾਏਗਾ। ਕਿਉਂਕਿ ਜ਼ਮੀਨ ਕਿਸੇ ਵੀ ਕਿਸਮ ਦੀ ਸੰਰਚਨਾ ਜਾਂ ਦਰਖਤਾਂ ਤੋਂ ਖਾਲੀ ਹੈ ਇਸ ਲਈ ਜ਼ਮੀਨ ਦੀ ਕਲੀਰੈਂਸ ਦੀ ਲੋੜ ਨਹੀਂ ਹੈ। ਪ੍ਰਭਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ ਜ਼ਮੀਨ ਦੀ ਵਰਤੋਂ/ ਜ਼ਮੀਨ ਦੇ ਕਵਰ ਵਿੱਚ ਬਦਲਾਅ, ਸਾਈਟ ਕਲੀਰੈਂਸ ਅਤੇ ਬਨਸਪਤੀ ਦਾ ਸਾਫ ਕਰਨਾ, ਪਲਾਂਟ ਦੇ ਖੇਤਰ ਤੋਂ ਬਾਹਰ ਭੂਮੀ ਦੀ ਵਰਤੋਂ/ ਜ਼ਮੀਨ ਦੇ ਕਵਰ ਵਿੱਚ ਬਦਲਾਅ ਜੇਕਰ ਲੇਬਰ ਕੈਂਪ ਸਥਾਪਿਤ ਕੀਤਾ ਜਾਣਾ ਹੋਵੇ, ਉਸਾਰੀ ਦੇ ਕਚਰੇ ਦਾ ਮਲਬਾ ਬਣਨਾ, ਸਕ੍ਰੈਪ, ਖੁਦਾਈ ਵਾਲੀ ਮਿੱਟੀ, ਵਰਤੀਆਂ ਬੋਰੀਆਂ ਅਤੇ ਖਰਾਬ ਸਟੀਲ, ਵਾਹਨਾਂ ਅਤੇ ਉਸਾਰੀ ਵਾਲੇ ਉਪਕਰਣ ਦੀ ਮੂਵਮੈਂਟ ਤੋਂ ਧੂੜ ਦਾ ਪੈਦਾ ਹੋਣਾ।

ਅਪਰੇਸ਼ਨ ਫੇਜ਼ ਦੇ ਦੌਰਾਨ,

ਪ੍ਰੋਜੈਕਟ ਦੀ ਸਾਈਟ ਦਾ ਆਲਾ ਦੁਆਲਾ ਰਿਹਾਇਸ਼ੀ, ਖੇਤੀਬਾੜੀ, ਉਦਯੋਗਿਕ ਅਤੇ ਮਿਕਸਡ ਵਰਤੋਂ ਵਾਲਾ ਹੈ। ਉੱਥੇ ਕਚਰਾ ਪੈਦਾ ਹੁੰਦਾ ਹੈ ਜਿਹੜਾ ਕਿ ਜ਼ਮੀਨ ਨੂੰ ਪ੍ਰਦੂਸ਼ਿਤ ਕਰ ਸਕਦਾ ਹੈ। ਵਾਤਾਵਰਣਕ ਪ੍ਰਭਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ: ਸੰਭਾਲਣ, ਸਟੋਰੇਜ਼, ਵਰਤੋਂ ਜਾਂ ਖਤਰਨਾਕ ਸਮੱਗਰੀ ਦੀ ਵਰਤੋਂ ਜਾਂ ਜ਼ਮੀਨ 'ਤੇ ਗਿਰਨ, ਪਾਣੀ ਜਾਂ ਜ਼ਮੀਨ ਵਿੱਚ ਸੀਵਰੇਜ਼ ਜਾਂ ਦੂਜੇ ਪ੍ਰਵਾਹਾਂ ਦਾ ਜਾਣਾ, ਮਿਊਂਸਪਲ ਅਤੇ ਖਤਰਨਾਕ ਕਚਰਿਆਂ ਦਾ ਪੈਦਾ ਹੋਣਾ, ਸੀਵਰੇਜ਼ ਦਾ ਗਾਰਾ ਜਾਂ ਪ੍ਰਵਾਹ ਵਾਲੇ ਟਰੀਟਮੈਂਟ ਤੋਂ ਹੋਰ ਗਾਰਾ ਪੈਦਾ ਹੋਣਾ।

*<u>ਘੱਟ ਕਰਨ ਲਈ ਉਪਾਅ:</u>*

- ਲੇਬਰ ਨੇੜਲੇ ਪਿੰਡਾਂ ਤੋਂ ਲਈ ਜਾਏਗੀ। ਹਾਲਾਂਕਿ, ਕੰਮ ਕਰਨ ਦੇ ਘੰਟਿਆਂ ਦੌਰਾਨ ਪੀਣ ਵਾਲੇ ਪਾਣੀ ਦੀ ਨਿਊਨਤਮ ਲੋੜ ਅਤੇ ਸਾਫ ਸਫਾਈ ਦੀਆਂ ਸੁਵਿਧਾਵਾਂ ਅਸਥਾਈ ਕੈਂਪ ਸਾਈਟਾਂ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ।
- ਠੋਸ ਕਚਰਾ ਪ੍ਰਬੰਧਨ (ਸੋਧ) ਨਿਯਮ, 2020 ਅਤੇ ਉਸਾਰੀ ਅਤੇ ਨਸ਼ਟੀਕਰਨ (ਸੀਐਂਡਡੀ) ਕਚਰਾ ਪ੍ਰਬੰਧਨ ਨਿਯਮਾਂ, 2016 ਦੀ ਪਾਲਣਾ ਕੀਤੀ ਜਾਏਗੀ।
- ਪਲਾਂਟ ਵਿੱਚ ਪੈਦਾ ਹੋਣ ਵਾਲਾ ਹਾਨੀਕਾਰਕ ਕਚਰੇ ਨੂੰ ਹਾਨੀਕਾਰਕ ਅਤੇ ਹੋਰ ਕਚਰੇ (ਪ੍ਰਬੰਧਨ ਅਤੇ ਟ੍ਰਾਂਸਬਾਊਂਡਰੀ ਮੂਵਮੈਂਟ) ਦੇ ਸੋਧ ਨਿਯਮਾਂ, 2021 ਅਨੁਸਾਰ ਨਸ਼ਟ ਕੀਤਾ ਜਾਏਗਾ।
- ਸਟੋਰੇਜ਼ ਤੋਂ ਰਿਸਾਵ ਤੋਂ ਬਚਣ ਲਈ ਸਾਰੀਆਂ ਸਾਵਧਾਨੀਆਂ ਵਰਤੀਆਂ ਜਾਣਗੀਆਂ।
- ਬਾਗਵਾਨੀ ਵਿੱਚ ਉਪਚਾਰਤ ਪਾਣੀ ਦੀ ਵਰਤੋਂ ਦੌਰਾਨ ਪੀਪੀਸੀਬੀ/ਐਮਓਈਐਫਐਂਡਸੀਸੀ ਦੇ ਮਾਪਦੰਡ ਅਪਣਾਏ ਜਾਂਦੇ ਹਨ।
- ਸੰਰਚਨਾਵਾਂ ਜਾਂ ਭਾਂਡਿਆਂ ਤੋਂ ਪਹਿਲੀ ਵਾਰ ਵਿੱਚ ਰਿਸਾਵਾਂ ਦਾ ਪਤਾ ਲਗਾ ਕੇ ਰਿਸਾਵ ਦਾ ਪ੍ਰਬੰਧਨ ਕੀਤਾ ਜਾਏਗਾ। ਲੋਡਿੰਗ ਅਨਲੋਡਿੰਗ ਦੌਰਾਨ ਰਿਸਾਵ ਨੂੰ ਉਚਿੱਤ ਤਰੀਕੇ ਨਾਲ ਨਾਲੀਆਂ ਰਾਹੀਂ ਪ੍ਰਬੰਧਿਤ ਕੀਤਾ ਜਾਏਗਾ।
- ਮਿੱਟੀ ਦੇ ਪ੍ਰਦੂਸ਼ਣ ਤੋਂ ਬਚਣ ਲਈ ਪ੍ਰੋਸੈਸ ਵਾਲੇ ਖੇਤਰ ਦੇ ਨੇੜੇ ਪੱਕਾ ਖੇਤਰ ਪ੍ਰਦਾਨ ਕੀਤਾ ਜਾਏਗਾ।
- ਲੋਡਿੰਗ ਅਤੇ ਅਨਲੋਡਿੰਗ ਦੀ ਗਤੀਵਿਧੀ ਪ੍ਰੀਭਾਸ਼ਿਤ ਇੱਕ ਸੁਰੱਖਿਅਤ ਜ਼ੋਨ ਅਤੇ ਇੱਕ ਚਿੰਨ੍ਹਿਤ ਸੁਰੱਖਿਅਤ ਖੇਤਰ ਵਿੱਚ ਕੀਤੀ ਜਾਏਗੀ
- ਸਾਈਟ 'ਤੇ ਕੋਈ ਵੀ ਦਰਖਤ ਝਾੜੀਆਂ ਨਹੀਂ ਹਨ ਇਸ ਲਈ ਪ੍ਰਸਤਾਵਿਤ ਪ੍ਰੋਜੈਕਟ ਵਿਚ ਕਲੀਰੈਂਸ ਦਾ ਕੋਈ ਵੀ ਕੰਮ ਸ਼ਾਮਲ ਨਹੀਂ ਹੈ।
- ਸੀਵਰੇਜ਼ ਦਾ ਉਚਿੱਤ ਉਪਚਾਰ ਕਰਨ ਤੋਂ ਬਾਅਦ ਪਲਾਂਟ ਅੰਦਰ ਉਪਚਾਰਤ ਪਾਣੀ ਦੀ ਮੁੜ ਵਰਤੋਂ ਕੀਤੀ ਜਾਏਗੀ ਅਤੇ 'ਜ਼ੀਰੋ ਤਰਲ ਡਿਸਚਾਰਜ਼' ਬਰਕਰਾਰ ਰੱਖਿਆ ਜਾਏਗਾ।

***<u>ਮਿੱਟੀ ਦੀ ਗੁਣਵੱਤਾ</u>***

ਉਸਾਰੀ ਦੇ ਫੇਜ਼ ਦੌਰਾਨ, ਜੇਕਰ ਮਿੱਟੀ 'ਤੇ ਕਚਰਾ ਨਸ਼ਟ ਕੀਤਾ ਜਾਂਦਾ ਹੈ, ਮਿਊਂਸਪਲ ਕਚਰਾ, ਈ-ਕਚਰਾ ਗਿਰਾਉਣ ਨਾਲ ਅਤੇ ਐਚਐਸਡੀ, ਤੇਲ ਅਤੇ ਈਂਧਨ ਦੇ ਰਿਸਾਵ ਨਾਲ ਮਿੱਟੀ ਪ੍ਰਦੂਸ਼ਿਤ ਹੋ ਸਕਦੀ ਹੈ। ਅੰਡਰਗ੍ਰਾਊਂਡ ਟੈਂਕ ਅਤੇ ਫਾਊਂਡੇਸ਼ਨ ਪ੍ਰਦਾਨ ਕਰਨ ਲਈ ਖੁਦਾਈ ਦੀ ਲੋੜ ਪਏਗੀ। ਉਸਾਰੀ ਵਾਲੇ ਵਾਹਨਾਂ ਅਤੇ ਉਪਕਰਣਾਂ ਦੀ ਆਵਾਜਾਈ ਨਾਲ ਮਿੱਟੀ ਠੋਸ ਹੋ ਜਾਏਗੀ। ਮਿੱਟੀ ਦੀ ਉਪਰਲੀ ਉਪਜਾਊ ਸਤ੍ਹਾ ਦਾ ਖੁਰਨਾ ਵੀ ਹੋ ਸਕਦਾ ਹੈ। ਪ੍ਰਸਤਾਵਿਤ ਉਪਾਵਾਂ ਵਿੱਚ ਲੈਂਡਸਕੇਪਿੰਗ ਵਿੱਚ ਉਪਰਲੀ

ਉਪਜਾਊ ਮਿੱਟੀ ਦੀ ਮੁੜ ਵਰਤੋਂ, ਢਕੀ ਹੋਈ ਹਾਲਤ ਵਿੱਚ ਪੱਕੀ ਸਤ੍ਹਾ 'ਤੇ ਐਚਐਸਡੀ ਦੀ ਸਟੋਰੇਜ ਅਤੇ ਰਿਸਾਵ ਦੇ ਬਾਹਰ ਜਾਣ ਅਤੇ ਮਿੱਟੀ ਨਾਲ ਮਿਕਸ ਹੋਣ ਤੋਂ ਬਚਾਉਣ ਲਈ ਅਜਿਹੀ ਸਤ੍ਹਾ ਦੇ ਆਲੇ ਦੁਆਲੇ ਨਾਲੀਆਂ ਦਾ ਪ੍ਰਾਵਧਾਨ, ਮਿਊਂਸਪਲ ਕਚਰੇ ਦਾ ਇਕੱਤਰ ਕਰਨ ਅਤੇ ਰੋਜ਼ਾਨਾਂ ਦੇ ਆਧਾਰ 'ਤੇ ਸਥਾਨਕ ਏਜੰਸੀ ਰਾਹੀਂ ਨਸ਼ਟ ਕਰਨਾ, ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਬੇਹਤਰ ਪ੍ਰਬੰਧਨ ਅਭਿਆਸ ਸ਼ਾਮਲ ਹੋਣਗੇ। ਠੋਸ ਕਚਰਾ ਪ੍ਰਬੰਧਨ (ਸੋਧ) ਨਿਯਮ, 2020 ਅਤੇ ਉਸਾਰੀ ਅਤੇ ਨਸ਼ਟੀਕਰਨ (ਸੀਐਂਡਡੀ) ਕਚਰਾ ਪ੍ਰਬੰਧਨ ਨਿਯਮਾਂ, 2016 ਦੀ ਪਾਲਣਾ ਕੀਤੀ ਜਾਏਗੀ।
ਅਪਰੇਸ਼ਨ ਫੇਜ਼ ਦੇ ਦੌਰਾਨ, ਪ੍ਰਵਾਹ, ਕੈਮੀਕਲ, ਹਾਨੀਕਾਰਕ ਕਚਰਾ, ਵਰਤਿਆ ਹੋਇਆ ਤੇਲ ਅਤੇ ਈਂਧਨ ਮਿੱਟੀ ਨੂੰ ਪ੍ਰਦੂਸ਼ਿਤ ਕਰ ਸਕਦੇ ਹਨ। ਠੋਸ ਕਚਰੇ ਅਤੇ ਤਰਲ ਕਚਰੇ ਦੇ ਗਲਤ ਨਸ਼ਟੀਕਰਨ ਕਾਰਣ ਸੜਨਯੋਗ ਕਚਰੇ ਤੋਂ ਟਪਕਣਾ ਹੋ ਸਕਦਾ ਹੈ ਅਤੇ ਮਿੱਟੀ 'ਤੇ ਕਚਰੇ ਦਾ ਰਿਸਾਵ ਬਨਸਪਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਬੰਦ ਕਰਨ ਦੇ ਦੌਰਾਨ ਪ੍ਰਵਾਹ ਦਾ ਗਲਤ ਨਸ਼ਟੀਕਰਨ ਮਿੱਟੀ 'ਤੇ ਗਿਰ ਸਕਦਾ ਹੈ ਅਤੇ ਇਸ ਨੂੰ ਪ੍ਰਦੂਸ਼ਿਤ ਕਰ ਸਕਦਾ ਹੈ। ਇਸ ਦੇ ਨਾਲ ਨਾਲ, ਮਿੱਟੀ ਦਾ ਖੁਰਨਾ ਵੀ ਹੋ ਸਕਦਾ ਹੈ। ਇਸ ਪ੍ਰਕਾਰ, ਮਿੱਟੀ ਦੇ ਪ੍ਰਦੂਸ਼ਣ ਦੀ ਰੋਕਥਾਮ ਕਰਨ ਲਈ ਇਸ ਨੂੰ ਘਟਾਉਣ ਵਾਲੇ ਕਦਮ ਉਠਾਏ ਜਾਣ ਦੀ ਲੋੜ ਹੁੰਦੀ ਹੈ ਜਿਹੜੇ ਹੇਠਾਂ ਦਿੱਤੇ ਗਏ ਹਨ

*ਘਟਾਉਣ ਦੇ ਉਪਾਅ*

- ਤਰਲ ਦੇ ਪ੍ਰਵਾਹ ਨੂੰ ਟਰੀਟਮੈਂਟ ਸਕੀਮ ਵਿੱਚ ਬੰਦ ਲੂਪ ਚੈਨਲ ਰਾਹੀਂ ਇਕੱਤਰ ਕੀਤਾ ਜਾਏਗਾ। ਸਿੰਚਾਈ ਦੇ ਮਿਆਰੀ ਮਾਪਦੰਡਾਂ ਨੂੰ ਸੁਨਿਸ਼ਚਿਤ ਕਰਨ ਤੋਂ ਬਾਅਦ ਹੀ ਉਪਚਾਰਤ ਪਾਣੀ ਦੀ ਵਰਤੋਂ ਕੀਤੀ ਜਾਏਗੀ। ਜ਼ਮੀਨ ਵਿੱਚ ਕੋਈ ਵੀ ਅਣਉਪਚਾਰਤ ਪਾਣੀ ਨਹੀਂ ਭੇਜਿਆ ਜਾਏਗਾ।
- ਰਿਸਾਵ ਤੋਂ ਬਚਣ ਵਾਸਤੇ ਵਾਧੂ ਰੋਕਥਾਮ ਕਰਨ ਲਈ ਸਾਰੇ ਅੰਡਰਗ੍ਰਾਊਂਡ ਟੈਂਕ ਪ੍ਰਦਾਨ ਕੀਤੇ ਜਾਣਗੇ। ਰਿਸਾਵ ਦਾ ਪਤਾ ਲਗਾਉਣ ਲਈ ਸੈਂਸਰ ਪ੍ਰਦਾਨ ਕੀਤੇ ਜਾਣਗੇ।
- ਹਾਨੀਕਾਰਕ ਅਤੇ ਹੋਰ ਕਚਰਾ (ਪ੍ਰਬੰਧਨ ਅਤੇ ਟ੍ਰਾਂਸਬਾਊਂਡਰੀ ਮੂਵਮੈਂਟ) ਸੋਧ ਨਿਯਮ, 2021 ਦੇ ਅਨੁਸਾਰ ਹਾਨੀਕਾਰਕ ਕਚਰੇ ਨੂੰ ਪ੍ਰਬੰਧਿਤ ਕੀਤਾ ਜਾਏਗਾ, ਢੋਆ-ਢੁਆਈ ਕੀਤੀ ਜਾਏਗੀ ਅਤੇ ਨਸ਼ਟ ਕੀਤਾ ਜਾਏਗਾ। ਹਾਨੀਕਾਰਕ ਕਚਰੇ ਦੀ ਸਟੋਰੇਜ਼ ਲਈ ਪਲਾਂਟ ਵਿੱਚ ਪੱਕੇ ਖੇਤਰ ਵਾਲਾ ਇੱਕ ਅਲੱਗ ਕਮਰਾ ਪ੍ਰਦਾਨ ਕੀਤਾ ਜਾਏਗਾ।
- ਰਿਸਾਵ ਰਾਹੀਂ ਮਿੱਟੀ ਦੇ ਪ੍ਰਦੂਸ਼ਿਤ ਹੋਣ ਤੋਂ ਬਚਾਅ ਕਰਨ ਲਈ ਠੋਸ ਕਚਰਾ ਕਲੈਕਸ਼ਨ ਅਤੇ ਨਸ਼ਟੀਕਰਨ ਖੇਤਰ ਪੱਕਾ ਖੇਤਰ ਹੋਣਗੇ।
- ਜਿੱਥੇ ਵੀ ਬੂੰਦ ਗਿਰਦੀ ਹੈ ਉਸ ਨੂੰ ਅੱਗੇ ਜਾਣ ਤੋਂ ਬਚਾਉਣ ਲਈ ਬਿਨਾਂ ਪਾਣੀ ਤੋਂ ਸਾਫ ਕਰਨ ਦੀ ਵਿਧੀ ਨੂੰ ਅਪਣਾਇਆ ਜਾਏਗਾ।
- ਕਿਸੇ ਵੀ ਮੁਰੰਮਤ ਅਤੇ ਰੱਖਰਖਾਅ ਵਾਲੇ ਕੰਮ ਤੋਂ ਬਾਅਦ ਕਿਸੇ ਵੀ ਸਥਾਨ ਨੂੰ ਖੁਦਾਈ ਵਾਲਾ ਜਾਂ ਖੁੱਲ੍ਹਾ ਨਹੀਂ ਰੱਖਿਆ ਜਾਏਗਾ
- ਰਿਸਾਵ ਦੇ ਮੌਕਿਆਂ ਨੂੰ ਘੱਟ ਕਰਨ ਲਈ ਵਰਤੇ ਹੋਏ ਤੇਲ ਨੂੰ ਆਈਐਸਓ ਪ੍ਰਮਾਣਿਤ ਡਰੱਮਾਂ ਵਿੱਚ ਸਟੋਰ ਕੀਤਾ ਜਾਏਗਾ ਅਤੇ ਇਨ੍ਹਾਂ ਨੂੰ ਰੀਸਾਈਕਲਰ ਜਾਂ ਟੀਐਸਡੀਐਫ ਕੋਲ ਭੇਜਿਆ ਜਾਏਗਾ
- ਰਿਸਾਵ ਜਾਂ ਲੀਕੇਜ਼ ਨੂੰ ਇਕੱਤਰ ਕਰਨ ਲਈ ਮਸ਼ੀਨਰੀ ਖੇਤਰ ਦੇ ਨੇੜੇ ਨਾਲੀਆਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਟਰੀਟਮੈਂਟ ਸਕੀਮ ਤੱਕ ਲਿਜਾਇਆ ਜਾਏਗਾ।
- ਖੁਸ਼ਕ ਸੋਖਕ ਦੀ ਵਰਤੋਂ ਕੀਤੀ ਜਾਏਗੀ।
- ਲੀਕੇਜ ਦੀ ਜਾਂਚ ਕਰਨ ਲਈ ਸਾਰੇ ਸੈਂਸਰਾਂ ਅਤੇ ਮੈਨੂਅਲ ਚੈਕਿੰਗ ਕੀਤੀ ਜਾਏਗੀ।
- ਪਲਾਟ ਦੇ 33.28% ਰਕਬੇ ਨੂੰ ਗਰੀਨ ਖੇਤਰ ਵਜੋਂ ਵਿਕਸਿਤ ਕੀਤਾ ਜਾਏਗਾ।

***ਵਾਤਾਵਰਣ ਅਤੇ ਜੈਵ ਵਿਭਿੰਨਤਾ***

ਉਸਾਰੀ ਦੇ ਫੇਜ਼ ਦੌਰਾਨ, ਖੁਦਾਈ ਅਤੇ ਭਰਾਈ ਵਾਲੇ ਅਪਰੇਸ਼ਨ ਕਾਰਣ ਉਡਣ ਵਾਲੀ ਧੂੜ ਪੈਦਾ ਹੋ ਸਕਦੀ ਹੈ। ਆਸ ਪਾਸ ਦੀ ਬਨਸਪਤੀ ਦੇ ਪੈਦਾ ਹੋ ਰਹੇ ਪੱਤਿਆਂ 'ਤੇ ਧੂੜ ਦਾ ਜੰਮਣ ਕਾਰਣ ਪ੍ਰਕਾਸ਼ ਸੰਸਲੇਸ਼ਣ ਵਿੱਚ ਅਸਥਾਈ ਤੌਰ 'ਤੇ ਕਮੀ ਹੋ ਸਕਦੀ ਹੈ। ਅਜਿਹੇ ਪ੍ਰਭਾਵ ਜ਼ਿਆਦਾਤਰ ਉਸਾਰੀ ਦੇ ਪੜਾਅ ਦੇ ਸ਼ੁਰੂਆਤੀ ਪੜਾਅ ਤੱਕ ਸੀਮਿਤ ਹੋਣਗੇ ਅਤੇ ਇਨ੍ਹਾਂ ਨੂੰ ਸੜਕਾਂ ਦੇ ਪੱਕੇ ਕਰਕੇ, ਸਤ੍ਹਾ ਨੂੰ ਠੀਕ ਕਰਕੇ, ਧੂੜ ਪੈਦਾ ਹੋਣ ਵਾਲੇ ਖੇਤਰਾਂ ਵਿੱਚ ਨਿਯਮਿਤ ਰੂਪ ਵਿੱਚ ਪਾਣੀ ਦਾ ਛਿੜਕਾਅ ਕਰਕੇ ਅਤੇ ਗਰੀਨਬੈਲਟ ਬਣਾ ਕੇ ਘਟਾਇਆ ਜਾ ਸਕਦਾ ਹੈ। ਉਸਾਰੀ ਦੇ ਫੇਜ਼ ਦੌਰਾਨ ਆਸਪਾਸ ਦੇ ਖੇਤਰ ਦੇ ਵਾਤਾਵਰਣ 'ਤੇ ਪ੍ਰਭਾਵ ਪ੍ਰਾਕਿਰਤਿਕ ਰੂਪ ਵਿੱਚ ਨਾਮਾਤਰ ਹੋਵੇਗਾ। ਪਲਾਂਟ ਦੀ ਚਾਰਦੀਵਾਰੀ ਦੇ ਨਾਲ ਨਾਲ ਗਰੀਨਬੈਲਟ ਦੇ ਵਿਕਾਸ, ਪ੍ਰਸ਼ਾਸ਼ਕੀ ਇਮਾਰਤ ਦੇ ਨੇੜੇ ਬਾਗਾਂ ਅਤੇ ਚਰਾਗਾਹਾਂ ਦੇ ਹੋਰ ਵਿਕਾਸ ਪ੍ਰਾਕਿਰਤਿਕ ਸਰੋਤਾਂ 'ਤੇ ਰਹਿੰਦ-ਖੂੰਹਦ ਦੇ ਪ੍ਰਭਾਵ ਨੂੰ ਘੱਟ ਕਰਨਗੇ।

ਅਪਰੇਸ਼ਨ ਫੇਜ਼ ਦੇ ਦੌਰਾਨ, ਪ੍ਰੋਜੈਕਟ ਦੇ ਆਸਪਾਸ ਦੇ ਵਾਤਾਵਰਣ 'ਤੇ ਪ੍ਰਭਾਵ ਮੁੱਖ ਰੂਪ ਵਿੱਚ ਹਵਾ ਦੇ ਪ੍ਰਦੂਸ਼ਕਾਂ ਦੇ ਜੰਮਣ ਕਾਰਣ ਵਾਪਰੇਗਾ। ਹਵਾ ਦੇ ਪ੍ਰਦੂਸ਼ਕਾਂ ਦੀ ਵੱਧ ਰਹੀ ਨਿਕਾਸੀ ਦਾ ਵਾਤਾਵਰਣ ਵਿੱਚ ਕੋਈ ਵੀ ਵੱਡੇ ਬਦਲਾਵ ਕਰਨ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਪ੍ਰਸਤਾਵਿਤ ਪ੍ਰੋਜੈਕਟ ਦੇ ਅਪਰੇਸ਼ਨ ਦੌਰਾਨ ਹਵਾ ਦੀ ਪ੍ਰਵੇਸ਼ ਗੁਣਵੱਤਾ ਦੀ ਹਵਾ ਦੀ ਗੁਣਵੱਤਾ ਦੇ ਰਾਸ਼ਟਰੀ ਪ੍ਰਵੇਸ਼ ਮਿਆਰਾਂ ਅੰਦਰ ਰਹਿਣ ਦੀ ਸੰਭਾਵਨਾ ਹੈ। ਪ੍ਰਦੂਸ਼ਕਾਂ ਦੇ ਥੋੜ੍ਹੀ ਜਿਹੀ ਮਾਤਰਾ ਵਿੱਚ ਜੰਮਣ ਨਾਲ ਆਸਪਾਸ ਦਾ ਵਾਤਾਵਰਣ ਵੀ ਪ੍ਰਭਾਵਿਤ ਹੋ ਸਕਦਾ ਹੈ।

*ਘਟਾਉਣ ਦੇ ਉਪਾਅ*

- ਹਵਾ ਦੀਆਂ ਨਿਕਾਸੀਆਂ ਦੇ ਮਾਪਦੰਡਾਂ ਨੂੰ ਪ੍ਰਾਪਤ ਕਰਨ ਲਈ ਪ੍ਰੋਜੈਕਟ ਲਈ ਸਭ ਤੋਂ ਯੋਗ ਹਵਾ ਪ੍ਰਦੂਸ਼ਣ ਕੰਟਰੋਲ ਪ੍ਰਣਾਲੀਆਂ ਦੀ ਯੋਜਨਾ ਬਣਾਈ ਗਈ ਹੈ, ਤਾਂ ਕਿ ਨੇੜੇ ਵਾਤਾਵਰਣ 'ਤੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ।
- ਉਡਣ ਵਾਲੀ ਧੂੜ ਦੇ ਪੈਦਾ ਹੋਣ ਨੂੰ ਘਟਾਉਣ ਲਈ ਪਾਣੀ ਦਾ ਛਿੜਕਾਅ/ ਖੁਸ਼ਕ ਧੁੰਦ ਦੀ ਕਿਸਮ ਵਾਲੀ ਪ੍ਰਣਾਲੀ ਵਰਤੀ ਜਾਏਗੀ।
- ਪਲਾਂਟ ਦੇ ਪਰਿਸਰਾਂ ਤੋਂ ਬਾਹਰ ਖਰਾਬ ਪਾਣੀ ਦੀ ਕੋਈ ਵੀ ਨਿਕਾਸੀ ਨਹੀਂ ਕੀਤੀ ਜਾਏਗੀ। ਉਪਚਾਰਤ ਪ੍ਰਵਾਹ ਨੂੰ ਰੀਸਾਈਕਲ ਕੀਤਾ ਜਾਏਗਾ ਅਤੇ ਧੂੜ ਨੂੰ ਦਬਾਉਣ ਅਤੇ ਗਰੀਨ ਬੈਲਟ ਦੇ ਰੱਖਰਖਾਅ ਲਈ ਪਰਿਸਰਾਂ ਅੰਦਰ ਮੁੜ ਵਰਤਿਆ ਜਾਏਗਾ।

- ਸਾਰੇ ਠੋਸ ਅਤੇ ਹਾਨੀਕਾਰਕ ਕਚਰੇ ਨੂੰ ਮਾਪਦੰਡਾਂ ਦੇ ਅਨੁਸਾਰ ਨਸ਼ਟ ਕੀਤਾ ਜਾਏਗਾ।
- ਹਵਾ ਅਤੇ ਸ਼ੋਰ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਗਰੀਨ ਬੈਲਟ ਅਤੇ ਚਾਰਦੀਵਾਰੀ ਕੀਤੀ ਜਾਏਗੀ। ਪਲਾਂਟ ਅੰਦਰ ਮੈਸਰਜ਼ ਸੇਫ ਐਗਰੋਕੈਮੀਕਲਜ਼ ਐਲਐਲਪੀ ਲਗਭੱਗ 2801.33 ਵਰਗ ਮੀਟਰ (33.28%) ਦੇ ਰਕਬੇ 'ਤੇ ਇੱਕ ਸੰਘਣੀ ਗਰੀਨਬੈਲਟ ਬਣਾਏਗੀ। ਗਰੀਨਬੈਲਟ ਵਜੋਂ ਪਰਿਸਰਾਂ ਅੰਦਰ ਔਸਤਨ ਲਗਭੱਗ 700 ਦਰਖਤ/ਝਾੜੀਆਂ, ਬਾਗ, ਜੜੀਆਂ-ਬੂਟੀਆਂ ਲਗਾਈਆਂ ਜਾਣਗੀਆਂ। ਆਮ ਤੌਰ 'ਤੇ ਸਥਾਨਕ/ਸਵਦੇਸ਼ੀ ਤੇਜੀ ਨਾਲ ਵਿਕਸਿਤ ਹੋਣ ਵਾਲੇ ਦਰਖਤ/ਝਾੜੀਆਂ ਲਗਾਈਆਂ ਜਾਣਗੀਆਂ। 6 ਮੀਟਰ ਚੌੜੀ ਗਰੀਨ ਬੈਲਟ ਚਾਰਦੀਵਾਰੀ ਦੇ ਆਲੇ ਦੁਆਲੇ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਗਰੀਨ ਬੈਲਟ ਦੀ ਯੋਜਨਾ ਸੀਪੀਸੀਬੀ ਰਾਹੀਂ ਦਿੱਤੇ ਨਿਰਦੇਸ਼ਾਂ ਅਨੁਸਾਰ ਬਣਾਈ ਜਾਏਗੀ।

***ਸਮਾਜਿਕ-ਆਰਥਿਕ ਵਾਤਾਵਰਣ***

ਉਸਾਰੀ ਦੇ ਫੇਜ਼ ਦੌਰਾਨ, ਉਸਾਰੀ ਦੀਆਂ ਗਤੀਵਿਧੀਆਂ ਦੇ ਆਲੇ ਦੁਆਲੇ 'ਤੇ ਪ੍ਰਭਾਵ ਪੈਂਦੇ ਹਨ ਜਿਵੇਂ ਬੇਕਾਰ ਦ੍ਰਿਸ਼, ਜਨਸੰਖਿਆ ਦਾ ਵਧਣਾ, ਟ੍ਰੈਫਿਕ ਵਿੱਚ, ਸ਼ੋਰ ਵਿੱਚ ਵਾਧਾ, ਨਿਕਾਸੀਆਂ, ਕਚਰੇ ਦਾ ਬਣਨਾ ਅਤੇ ਕਚਰੇ ਦਾ ਢੇਰ ਲੱਗਣਾ ਆਦਿ। ਇਨ੍ਹਾਂ ਸਭ ਦਾ ਸਮਾਜ 'ਤੇ ਪ੍ਰਭਾਵ ਪੈਂਦਾ ਹੈ। ਹਾਲਾਂਕਿ, ਉਸਾਰੀ ਦੇ ਫੇਜ਼ ਵਿੱਚ ਹੁਨਰਮੰਦ ਅਤੇ ਗੈਰ-ਹੁਨਰਮੰਦ ਲੇਬਰ ਲਈ ਰੋਜ਼ਗਾਰ ਦੇ ਵਿਕਲਪ ਪੈਦਾ ਹੋਣਗੇ। ਇਸ ਪ੍ਰਕਾਰ, ਇਨ੍ਹਾਂ ਪ੍ਰਭਾਵਾਂ 'ਤੇ ਕਾਬੂ ਪਾਉਣ ਲਈ ਕਦਮ ਚੁੱਕੇ ਜਾਣੇ ਲਾਜ਼ਮੀ ਹਨ। ਹੁਨਰਾਂ ਦੇ ਅਨੁਸਾਰ, ਰੋਜ਼ਗਾਰ ਵਿੱਚ ਸਥਾਨਕ ਲੋਕਾਂ ਨੂੰ ਪਹਿਲ ਦਿੱਤੀ ਜਾਏਗੀ। ਪਲਾਂਟ ਦੇ ਖੇਤਰ ਵਿੱਚ ਸਾਰੀਆਂ ਮੁਢਲੀਆਂ ਸਹੂਲਤਾਂ ਜਿਵੇਂ ਸਫਾਈ, ਪਖਾਨੇ, ਕੰਟੀਨ, ਕੈਂਪ ਮੁਹੱਈਆ ਕੀਤੇ ਜਾਣਗੇ। ਧੂੜ ਨੂੰ ਦਬਾਉਣ ਵਾਲੀਆਂ ਢੁਕਵੀਆਂ ਤਕਨੀਕਾਂ ਅਪਣਾਈਆਂ ਜਾਣਗੀਆਂ, ਜਿਵੇਂ ਕਿ ਉਸਾਰੀ ਦੀ ਅਵਧੀ ਦੌਰਾਨ ਪਾਣੀ ਛਿੜਕਾਉਣਾ। ਸ਼ੋਰ ਵਾਲੇ ਅਤੇ ਜੋਖਮ ਵਾਲੇ ਖੇਤਰ ਵਿੱਚ ਕੰਮ ਕਰਨ ਵਾਲੀ ਸਾਰੀ ਲੇਬਰ ਨੂੰ ਪੀਪੀਈ ਦਿੱਤੀ ਜਾਏਗੀ। ਉਸਾਰੀ ਦੇ ਫੇਜ਼ ਦੌਰਾਨ ਹਰ ਸਮੇਂ ਹੈਲਥ ਅਤੇ ਸੇਫਟੀ ਅਧਿਕਾਰੀ ਨਿਯੁਕਤ ਕੀਤਾ ਜਾਏਗਾ। ਅਪਰੇਸ਼ਨ ਦੇ ਫੇਜ਼ ਦੌਰਾਨ, ਹੁਨਰਮੰਦ ਅਤੇ ਗੈਰ-ਹੁਨਰਮੰਦ ਲੇਬਰ ਦੀ ਲੋੜ ਹੋਵੇਗੀ। ਅਪਰੇਸ਼ਨ ਫੇਜ਼ ਦੇ ਦੌਰਾਨ ਪ੍ਰਸਤਾਵਿਤ ਪ੍ਰੋਜੈਕਟ ਅੰਦਰ 115 ਕਰਮਚਾਰੀਆਂ (ਸਥਾਈ ਅਤੇ ਅਸਥਾਈ) ਦਾ ਰੋਜ਼ਗਾਰ ਪੈਦਾ ਹੋਵੇਗਾ। ਵੱਖ-ਵੱਖ ਗਤੀਵਿਧੀਆਂ ਦੌਰਾਨ ਅਸਿੱਧੇ ਰੋਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ ਜਿਵੇਂ ਕੱਚੇ ਮਾਲ ਅਤੇ ਅੰਤਿਮ ਉਤਪਾਦਾਂ ਦੀ ਢੋਆ-ਢੁਆਈ, ਪਲਾਂਟ ਵਿੱਚ ਗੈਰ-ਮਹੱਤਵਪੂਰਣ ਗਤੀਵਿਧੀਆਂ (ਕਨਟੀਨ, ਬਾਗਵਾਨੀ, ਹਾਊਸਕੀਪਿੰਗ ਆਦਿ) ਲਈ ਠੇਕੇ ਵਾਲੀ ਮੈਨਪਾਵਰ। ਖੇਤਰ ਦਾ ਉਦਯੋਗਿਕ ਵਿਕਾਸ ਇਸ ਖੇਤਰ ਦੇ ਵਿਕਾਸ ਦੇ ਬੁਨਿਆਦੀ ਢਾਂਚੇ ਵਿੱਚ ਮਦਦ ਕਰੇਗਾ। ਪ੍ਰਸਤਾਵਿਤ ਉਤਪਾਦਨ ਕੀਟਨਾਸ਼ਕਾਂ ਦੇ ਸਵਦੇਸ਼ੀ ਵਿਕਾਸ ਵਿੱਚ ਵਾਧਾ ਕਰੇਗਾ ਅਤੇ ਮੰਗ-ਸਪਲਾਈ ਦੇ ਫਾਸਲੇ ਨੂੰ ਘੱਟ ਕਰੇਗਾ ਅਤੇ ਕਿਸਾਨਾਂ ਲਈ ਕੀਟਨਾਸ਼ਕ ਆਸਾਨੀ ਨਾਲ ਉਪਲਬਧ ਹੋਣਗੇ। ਇਸ ਨਾਲ ਟੈਕਸਾਂ ਰਾਹੀਂ ਸਰਕਾਰ ਲਈ ਆਮਦਨੀ ਵੀ ਪੈਦਾ ਹੋਵੇਗੀ। ਕੁੱਲ ਮਿਲਾ ਕੇ, ਇਸ ਪ੍ਰੋਜੈਕਟ ਦਾ ਸਮਾਜਿਕ-ਆਰਥਿਕ ਵਾਤਾਵਰਣ 'ਤੇ ਸਾਕਾਰਾਤਮਿਕ ਪ੍ਰਭਾਵ ਪੈਣਗੇ। ਕੰਪਨੀ ਦੀ ਮੈਨੇਜਮੈਂਟ ਸੀਈਆਰ ਗਤੀਵਿਧੀ ਰਾਹੀਂ ਵਾਤਾਵਰਣ, ਮੈਡੀਕਲ, ਅਤੇ ਟ੍ਰਾਂਸਪੋਰਟ ਆਦਿ ਦੇ ਖੇਤਰ ਵਿੱਚ ਸਥਾਨਕ ਲੋਕਾਂ ਲਈ ਬੁਨਿਆਦੀ ਸਹੂਲਤਾਂ ਨੂੰ ਸੁਧਾਰਨ ਲਈ ਵਚਨਬੱਧ ਹੈ।

ਹਾਲਾਂਕਿ, ਅਪਰੇਸ਼ਨ ਅਤੇ ਮੇਨਟੀਨੈਂਸ ਦੇ ਕਾਰਣ ਸਟਾਫ ਅਤੇ ਹੋਰ ਨਜ਼ਦੀਕੀ ਲੋਕਾਂ ਲਈ ਵੱਖ-ਵੱਖ ਜੋਖਮ ਹੋ ਸਕਦੇ ਹਨ। ਇਸ ਨਾਲ ਜੁੜੇ ਹੋਏ ਜੋਖਮ ਹਨ ਲੋਕਾਂ ਦੀਆਂ ਦੁਰਘਟਨਾਵਾਂ, ਢਾਂਚਿਆਂ ਦਾ ਗਿਰਨਾ, ਕੰਮ ਕਰਨ ਵੇਲੇ ਗਿਰਨਾ/ਤਿਲ੍ਹਕਣਾ, ਬਿਜਲੀ ਦੇ ਝਟਕੇ ਲੱਗਣਾ, ਬਿਜਲੀ ਨਾਲ ਅੱਗ ਲੱਗਣਾ, ਡੀਜੀ ਸੈਟਾਂ ਅਤੇ ਈਂਧਨ ਦੇ ਟੈਂਕਾਂ ਵਿੱਚ ਅੱਗ ਲੱਗਣਾ, ਹਵਾ ਅਤੇ ਸ਼ੋਰ ਦੇ ਪ੍ਰਦੂਸ਼ਣ ਆਦਿ ਕਾਰਣ ਸਿਹਤ 'ਤੇ ਪ੍ਰਭਾਵ ਆਦਿ। ਅਪਣਾਏ ਜਾਣ ਲਈ ਵੱਖ-ਵੱਖ ਸੁਰੱਖਿਆਂ ਉਪਾਵਾਂ ਦਾ ਸੁਝਾਅ ਦਿੱਤਾ ਗਿਆ ਹੈ ਜਿਨ੍ਹਾਂ ਦੀ ਦੁਰਘਟਨਾਵਾਂ ਨੂੰ ਰੋਕਣ ਲਈ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਸਟੋਰੇਜ ਅਤੇ ਕਚਰੇ ਦਾ ਗਲਤ ਨਸ਼ਟੀਕਰਨ ਸੁੰਦਰਤਾ ਵਿੱਚ ਕਮੀ ਕਰ ਸਕਦਾ ਹੈ, ਬਿਮਾਰੀ ਦੇ ਜੋਖਮ ਨਾਲ ਬਦਬੂ ਪੈਦਾ ਹੋ ਸਕਦੀ ਹੈ ਜਿਸ ਕਾਰਣ ਸਟਾਫ ਅਤੇ ਨਜ਼ਦੀਕੀ ਖੇਤਰ ਵਿੱਚ ਪ੍ਰੇਸ਼ਾਨੀ ਪੈਦਾ ਹੋ ਸਕਦੀ ਹੈ। ਸਟਾਫ ਅਤੇ ਆਸਪਾਸ ਦੇ ਖੇਤਰ 'ਤੇ ਪ੍ਰਭਾਵ ਨੂੰ ਘੱਟ ਕਰਨ ਲਈ ਮੈਸਰਜ਼ ਸੇਫ ਐਗਰੋਕੈਮੀਕਲਜ਼ ਐਲਐਲਪੀ ਰਾਹੀਂ ਹਰ ਸੰਭਵ ਯਤਨ ਕੀਤੇ ਜਾਣਗੇ।

*ਘੱਟ ਕਰਨ ਦੇ ਉਪਾਅ*

- ਫਲੂ ਗੈਸ ਦੇ ਸਾਰੇ ਸਟੈਕਾਂ ਲਈ ਸਟੈਕ ਦੀ ਉਚਿਤ ਉਚਾਈ ਅਤੇ ਉਚਿਤ ਪ੍ਰਦੂਸ਼ਣ ਕੰਟਰੋਲ ਉਪਕਰਣ ਪ੍ਰਦਾਨ ਕੀਤੇ ਜਾਣਗੇ ਅਤੇ ਪੀਪੀਸੀਬੀ/ਸੀਪੀਸੀਬੀ ਮਾਪਦੰਡਾਂ ਅਨੁਸਾਰ ਹਵਾ ਦੀ ਪ੍ਰਵੇਸ਼ ਗੁਣਵੱਤਾ ਬਰਕਰਾਰ ਰੱਖਿਆ ਜਾਏਗਾ।
- ਖਰਾਬ ਪਾਣੀ ਦਾ ਉਚਿਤ ਉਪਚਾਰ ਕੀਤਾ ਜਾਏਗਾ ਅਤੇ ''ਜ਼ੀਰੋ ਤਰਲ ਡਿਸਚਾਰਜ'' ਨੂੰ ਬਰਕਰਾਰ ਰੱਖਣ ਲਈ ਉਪਚਾਰਤ ਪਾਣੀ ਦੀ ਪੂਰੀ ਤਰ੍ਹਾਂ ਵਰਤੋਂ ਕੀਤੀ ਜਾਏਗੀ।
- ਠੋਸ ਕਚਰਾ ਪ੍ਰਬੰਧਨ ਨਿਯਮ, 2016 ਦੀ ਪਾਲਣਾ ਕੀਤੀ ਜਾਏਗੀ।
- ਸਾਰੇ ਰਸਾਇਣਾ ਅਤੇ ਪਦਾਰਥਾਂ ਦੀ ਐਮਐਸਆਈਐਚਸੀ ਦੇ ਨਿਯਮਾਂ ਅਤੇ ਖਤਰਨਾਕ ਕਚਰਾ ਨਿਯਮਾਂ 2008 ਅਤੇ ਸੋਧ, ਜੇਕਰ ਕੋਈ ਹੋਵੇ, ਅਨੁਸਾਰ ਸੰਭਾਲ ਕੀਤੀ ਜਾਏਗੀ।
- ਪ੍ਰੋਜੈਕਟ ਦੇ ਨਵੇਂ ਪ੍ਰਸਤਾਵਿਤ ਖੇਤਰ ਦੇ ਆਲੇ ਦੁਆਲੇ ਗਰੀਨਬੈਲਟ ਦਾ ਵਿਕਾਸ ਪ੍ਰੋਜੈਕਟ ਦੇ ਖੇਤਰ ਅੰਦਰ ਅਤੇ ਇਸ ਦੇ ਆਲੇ ਦੁਆਲੇ ਗੈਸਾਂ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮਦਦ ਕਰੇਗਾ।
- ਉਤਪਾਦਨ ਦੀ ਵਧੇਰੇ ਮਾਤਰਾ 'ਤੇ ਟੈਕਸ ਦੀ ਵੱਧ ਆਮਦਨੀ ਰਾਹੀਂ ਸਰਕਾਰ ਲਈ ਵਧੇਰੇ ਆਮਦਨ।
- ਸਾਰੇ ਹੀ ਕਾਮਿਆਂ ਨੂੰ ਖਤਰਨਾਕ ਅਤੇ ਦੂਜੇ ਕਚਰੇ (ਮੈਨੇਜਮੈਂਟ ਅਤੇ ਟ੍ਰਾਂਸਬਾਊਂਡਰੀ ਮੂਵਮੈਂਟ) ਸੋਧ ਨਿਯਮਾਂ, 2021 ਦੇ ਅਨੁਸਾਰ ਖਤਰਨਾਕ ਮਟੀਰੀਅਲ ਦੀ ਉਚਿਤ ਸਾਂਭ ਸੰਭਾਲ ਅਤੇ ਢੋਆ-ਢੁਆਈ ਲਈ ਲਗਾਤਾਰ ਸਿਖਲਾਈ ਦਿੱਤੀ ਜਾਏਗੀ।
- ਕਾਮਿਆਂ ਨੂੰ ਪੀਪੀਈ ਪ੍ਰਦਾਨ ਕੀਤੀ ਜਾਏਗੀ।
- ਪਲਾਂਟ ਦੀ ਲੋੜ ਅਤੇ ਮੈਨੂਫੈਕਚਰਿੰਗ ਖੇਤਰ ਤੋਂ ਇਲਾਵਾ, ਆਰਐਂਡਡੀ ਲੈਬ, ਕਨਟੀਨ, ਐਡਮਿਨ, ਪੀਣ ਵਾਲਾ ਪਾਣੀ, ਪਾਣੀ ਦਾ ਉਪਚਾਰ, ਆਦਿ ਸਹੂਲਤਾਂ ਪਲਾਂਟ ਅੰਦਰ ਦਿੱਤੀਆਂ ਜਾਣਗੀਆਂ।

**ਪ੍ਰੋਜੈਕਟ ਦੇ ਲਾਭ**

ਪ੍ਰਸਤਾਵਿਤ ਪ੍ਰੋਜੈਕਟ ਦੇਸ਼ ਦੀ ਜੀਡੀਪੀ ਦੇ ਵਾਧੇ ਵਿੱਚ ਮਦਦ ਕਰੇਗਾ ਅਤੇ ਐਗਰੋਕੈਮੀਕਲ ਮਾਰਕੀਟ ਵਿੱਚ ਦੇਸ਼ ਦੀ ਪਛਾਣ ਬਣਾਉਣ ਵਿੱਚ ਮਦਦ ਕਰੇਗਾ। ਇਹ ਕੀਟਨਾਸ਼ਕਾਂ ਦੀ ਸਵਦੇਸ਼ੀ ਉਤਪਾਦਨ ਸਮਰੱਥਾ ਵਿੱਚ ਵਾਧਾ ਕਰੇਗਾ। ਮੈਸਰਜ਼ ਸੇਫ ਐਗਰੋਕੈਮੀਕਲਜ਼ ਐਲਐਲਪੀ ਪਲਾਟ ਦੇ ਖੇਤਰ ਦੇ 33.28% ਰਕਬੇ 'ਤੇ ਗਰੀਨ ਬੈਲਟ ਦਾ ਨਿਰਮਾਣ ਕਰੇਗਾ। ਇਹ ਪ੍ਰੋਜੈਕਟ

ਉਪਚਾਰਤ ਪ੍ਰਵਾਹ ਨੂੰ ਵਾਪਸ ਪਰਿਸਰਾਂ ਵਿੱਚ ਰੀਸਾਈਕਲ ਕਰਨ ਲਈ ਉਪਚਾਰਤ ਵਾਟਰ ਰੀਸਾਈਕਲ ਸਿਸਟਮ ਦੀ ਇੰਸਟਾਲੇਸ਼ਨ ਰਾਹੀਂ ''ਜੀਰੋ-ਤਰਲ ਡਿਸਚਾਰਜ ਵਿਧੀ'' ਦੀ ਧਾਰਨਾ ਨੂੰ ਅਪਣਾਏਗਾ। ਪ੍ਰਸਤਾਵਿਤ ਵਿਸਤਾਰ ਸਮੱਗਰੀ ਦੀ ਲੋਡਿੰਗ/ਅਨਲੋਡਿੰਗ ਲਈ ਢੋਆ-ਢੁਆਈ, ਠੇਕੇ ਵਾਲੇ ਲੇਬਰ ਅਤੇ ਗੈਰ-ਹੁਨਰਮੰਦ ਲੇਬਰ ਵਰਗੀਆਂ ਸਹੂਲਤਾਂ ਲਈ ਕੁੱਲ 115 ਵਿਅਕਤੀਆਂ ਨੂੰ ਸਿੱਧਾ ਅਤੇ ਅਸਿੱਧਾ ਰੋਜਗਾਰ ਮਿਲੇਗਾ।

**ਵਾਤਾਵਰਣ ਪ੍ਰਬੰਧਨ ਯੋਜਨਾ**

ਸਥਾਈ ਹੋਣ ਲਈ ਪਲਾਂਟ ਰਾਹੀਂ ਈਐਚਐਸ ਪਾਲਿਸੀ ਅਪਣਾਈ ਗਈ ਹੈ। ਵਾਤਾਵਰਣਕ ਪ੍ਰਬੰਧਨ ਯੋਜਨਾ ਅਤੇ ਓਐਚਐਸਏਐਸ ਦਿਸ਼ਾ ਨਿਰਦੇਸ਼ ਦੇ ਅਨੁਪਾਲਣ ਲਈ ਇੱਕ ਵੱਖਰਾ ਈਐਮਪੀ ਸੈਲ, ਅੱਗ ਅਤੇ ਸੁਰੱਖਿਆ ਸੈਲ ਅਤੇ ਪੇਸ਼ੇਵਰ ਹੈਲਥ ਸੈਂਟਰ ਪਲਾਂਟ ਵਿੱਚ ਪ੍ਰਦਾਨ ਕੀਤੇ ਜਾਣਗੇ।

ਪ੍ਰਸਤਾਵਿਤ ਪ੍ਰੋਜੈਕਟ ਦੀ ਕੁੱਲ ਲਾਗਤ **8.95 ਕਰੋੜ ਰੁਪਏ** ਹੋਵੇਗੀ। ਵਾਤਾਵਰਣਕ ਪ੍ਰਬੰਧਨ ਯੋਜਨਾ 'ਤੇ **180 ਲੱਖ ਰੁਪਏ** ਦੀ ਪੂੰਜੀ ਲਾਗਤ ਅਤੇ **65 ਲੱਖ ਰੁਪਏ/ਸਾਲਾਨਾ** ਦੀ ਆਵਰਤੀ ਲਾਗਤ ਦਾ ਖਰਚ ਕੀਤਾ ਜਾਏਗਾ।

**ਸਿੱਟਾ**

ਇਸ ਪ੍ਰਕਾਰ, ਇੱਕ ਸਾਕਾਰਾਤਮਿਕ ਟਿੱਪਣੀ 'ਤੇ ਇਹ ਨਤੀਜ਼ਾ ਸਿੱਟਾ ਨਿਕਾਲਿਆ ਜਾ ਸਕਦਾ ਹੈ ਕਿ ਘਟਾਉਣ ਵਾਲੇ ਉਪਾਵਾਂ ਅਤੇ ਵਾਤਾਵਰਣ ਦੀ ਪ੍ਰਬੰਧਨ ਯੋਜਨਾ ਦੇ ਲਾਗੂਕਰਨ ਤੋਂ ਬਾਅਦ, ਪ੍ਰੋਜੈਕਟ ਦੇ ਇਸ ਅਪਰੇਸ਼ਨ ਦਾ ਵਾਤਾਵਰਣ 'ਤੇ ਕੋਈ ਵੱਡਾ ਪ੍ਰਭਾਵ ਨਹੀਂ ਪਏਗਾ।